
# ਪ੍ਰਧਾਨ ਮੰਤਰੀ ਮੋਦੀ ਅਤੇ ਉਨ੍ਹਾਂ ਦੀ ਸਰਕਾਰ ਦਾ

# ਸਿੱਖਾਂ ਨਾਲ ਖ਼ਾਸ ਰਿਸ਼ਤਾ








ਕੌਮੀ ਸੇਵਾ ਅਵਾਰਡ

**9 ਨਵੰਬਰ, 2019 ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਦੇ ਇਤਿਹਾਸਿਕ ਮੌਕੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਦਿੱਤੇ ਗਏ 'ਕੌਮੀ ਸੇਵਾ ਅਵਾਰਡ' ਦਾ ਪ੍ਰਸ਼ੰਸਾ-ਪੱਤਰ**

# ਕੌਮੀ ਸੇਵਾ ਅਵਾਰਡ

ਸੱਚੇ ਪਾਤਿਸ਼ਾਹ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਕਾਸ਼ ਪੁਰਬ ਦੇ ਪਾਵਨ ਮੌਕੇ 'ਤੇ ਸਿੱਖ ਕੌਮ ਉੱਤੇ ਅਕਾਲ ਪੁਰਖ ਅਤੇ ਮਹਾਨ ਗੁਰੂ ਸਾਹਿਬਾਨ ਦੀ ਮਹਾਨ ਬਖ਼ਸ਼ਿਸ਼ ਹੋਈ ਹੈ ਕਿ ਇਸ ਇਤਿਹਾਸਿਕ ਅਵਸਰ ਉੱਤੇ ਸਿੱਖ ਕੌਮ ਤੋਂ ਵਿਛੋੜੇ ਗਏ ਪਾਵਨ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਲਈ ਦੁਨੀਆ ਦੇ ਕੋਨੇ-ਕੋਨੇ ਵਿੱਚ ਸਮੂਹ ਸੰਗਤਾਂ ਵੱਲੋਂ ਦਹਾਕਿਆਂ ਤੋਂ ਨਿੱਤਨੇਮ ਕੀਤੀ ਜਾਂਦੀ ਅਰਦਾਸ ਅਕਾਲ ਪੁਰਖ ਦੀ ਦਰਗਾਹ ਵਿੱਚ ਕਬੂਲ ਹੋ ਰਹੀ ਹੈ। ਇਸ ਦੇ ਸਿੱਟੇ ਵਜੋਂ ਪਹਿਲੇ ਕਦਮ ਦੇ ਰੂਪ ਵਿੱਚ, ਡੇਰਾ ਬਾਬਾ ਨਾਨਕ ਸਾਹਿਬ ਤੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿੱਚ ਸਥਿਤ ਗੁਰੂ ਨਾਨਕ ਪਾਤਿਸ਼ਾਹ ਦੇ ਜੀਵਨ ਨਾਲ ਸਬੰਧਿਤ ਗੁਰਧਾਮਾਂ ਨੂੰ ਆਪਸ ਵਿੱਚ ਜੋੜਨ ਵਾਲਾ ਲਾਂਘਾ ਸੰਗਤਾਂ ਲਈ ਖੋਲ੍ਹ ਦਿੱਤਾ ਗਿਆ ਹੈ।

ਸਤਿਗੁਰ ਸੱਚੇ ਪਾਤਿਸ਼ਾਹ ਜੀ ਦੇ 550ਵੇਂ ਪ੍ਰਕਾਸ਼ ਪੁਰਬ 'ਤੇ ਸਿੱਖ ਸੰਗਤਾਂ ਨੂੰ ਇਸ ਤੋਂ ਵੱਡੀ ਰੱਬੀ ਦਾਤ ਹੋਰ ਕੀ ਮਿਲ ਸਕਦੀ ਸੀ ਕਿ ਦੇਸ਼ ਦਾ ਕੋਈ ਮੁਖੀਆ ਮਸੀਹਾ ਬਣ ਕੇ ਸਿੱਖ ਜਗਤ ਦੀ ਇਸ ਸੱਧਰ ਦੀ ਪੂਰਤੀ ਲਈ ਸਿਆਸੀ, ਪ੍ਰਸ਼ਾਸਨਿਕ ਅਤੇ ਕੂਟਨੀਤਕ ਦਲੇਰੀ ਦਾ ਮੁਜ਼ਾਹਰਾ ਕਰੇ। ਇਹ ਗੁਰੂ ਦੀ ਮਿਹਰ ਸਦਕਾ ਹੀ ਹੋ ਸਕਦਾ ਹੈ ਕਿ ਆਸਥਾ, ਵਿਸ਼ਵਾਸ ਤੇ ਮਾਨਵਤਾ ਲਈ ਪ੍ਰੇਮ ਵਾਲੇ ਇਸ ਲਾਂਘੇ ਨੂੰ ਖੁੱਲ੍ਹਵਾਉਣ ਦੀ ਖ਼ੁਸ਼ੀ ਵੀ ਬਖ਼ਸ਼ਿਸ਼ ਕਿਸੇ ਅਜਿਹੇ ਪ੍ਰਾਣੀ ਨੂੰ ਹੀ ਨਸੀਬ ਹੋਏ ਜੋ ਆਪ ਭੀ ਸਿੱਖੀ ਨਾਲ ਡੂੰਘੇ ਪ੍ਰੇਮ ਅਤੇ ਗੁਰੂ ਚਰਨਾਂ ਪ੍ਰਤੀ ਅਥਾਹ ਸ਼ਰਧਾ ਵਿੱਚ ਓਤ-ਪ੍ਰੋਤ ਹੋਏ। ਇਸ ਦੀ ਸ਼ਰਧਾ ਦੀ ਮਿਸਾਲ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਜੀ ਵੱਲੋਂ ਗੁਰੂ

ਮਹਾਰਾਜ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਵਿੱਚ ਪਾਏ ਜਾ ਰਹੇ ਬੇਮਿਸਾਲ ਯੋਗਦਾਨ, ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਸ਼ੁਰੂ ਕਰਨ ਅਤੇ ਗੁਰੂ ਸਾਹਿਬ ਦੀ ਮੁਢਲੀ ਕਰਮ ਭੂਮੀ ਸੁਲਤਾਨਪੁਰ ਲੋਧੀ ਨੂੰ ਅਤਿ ਆਧੁਨਿਕ ਸਮਾਰਟ ਸਿਟੀ ਬਣਾਉਣ ਸਮੇਤ ਸਿੱਖ ਕੌਮ ਨਾਲ ਸਬੰਧਿਤ ਚਿਰਾਂ ਤੋਂ ਲਟਕਦੇ ਦੁਖਦਾਈ ਮਸਲਿਆਂ ਨੂੰ ਹੱਲ ਕਰਨ ਲਈ ਚੁੱਕੇ ਅਨੇਕ ਕਦਮਾਂ ਤੋਂ ਮਿਲਦੀ ਹੈ। ਸਮੂਹ ਸਿੱਖ ਜਗਤ ਦੀ ਇਹ ਤੀਬਰ ਇੱਛਾ ਅਤੇ ਅਰਦਾਸ ਰਹੇਗੀ ਕਿ ਸ੍ਰੀ ਨਰੇਂਦਰ ਮੋਦੀ ਜੀ ਹਮੇਸ਼ਾ ਸਿੱਖ ਕੌਮ ਦੇ ਪਿਆਰ, ਸਤਿਕਾਰ ਅਤੇ ਵਿਸ਼ਵਾਸ ਦਾ ਪਾਤਰ ਬਣੇ ਰਹਿਣ।

ਬੀਤੇ ਸਮੇਂ ਵਿੱਚ, ਕਰਤਾਰਪੁਰ ਸਾਹਿਬ ਲਈ ਲਾਂਘੇ ਦੇ ਰਾਹ ਵਿੱਚ ਉਨ੍ਹਾਂ ਸ਼ਕਤੀਆਂ ਵੱਲੋਂ ਹੀ ਅਦਿੱਖ ਰੁਕਾਵਟਾਂ ਖੜ੍ਹੀਆਂ ਕੀਤੀਆਂ ਜਾ ਰਹੀਆਂ ਸਨ, ਜੋ ਕਿ ਉਪਰੀ ਲੋਕ-ਦਿਖਾਵੇ ਵਾਸਤੇ ਇਸ ਲਾਂਘੇ ਦੇ ਹੱਕ ਦੀ ਗੱਲ ਕਰਦੇ ਆਏ ਹਨ। ਪਰ ਪ੍ਰਧਾਨ ਮੰਤਰੀ ਨਰੇਂਦਰਮੋਦੀ ਜੀ ਨੇ ਦੋਵੇਂ ਦੇਸ਼ਾਂ ਦਰਮਿਆਨ ਚਲ ਰਹੇ ਤਣਾਉ ਅਤੇ ਕਈ ਹੋਰ ਅਣਸੁਖਾਵੇਂ ਪਹਿਲੂਆਂ ਨੂੰ ਦਲੇਰੀ ਨਾਲ ਦਰ-ਕਿਨਾਰ ਕਰ ਕੇ ਸਿੱਖ ਕੌਮ ਦੇ ਮਨਾਂ ਅੰਦਰ ਆਪਣੇ ਪਾਵਨ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਸੱਧਰ ਨੂੰ ਪੂਰਾ ਕਰਨ ਨੂੰ ਤਰਜੀਹ ਦਿੱਤੀ। ਇਸ ਲਾਂਘੇ ਨੂੰ ਸ਼ੁਰੂ ਕਰਕੇ ਉਨ੍ਹਾਂ ਨੇ ਇਸ ਮਹਾਨ ਪ੍ਰਕਾਸ਼ ਪੁਰਬ ਉੱਤੇ ਸਿੱਖ ਕੌਮ ਨੂੰ ਜੋ ਦਿਲ ਟੁੰਬਵਾਂ ਤੋਹਫ਼ਾ ਦਿੱਤਾ ਹੈ, ਉਸ ਲਈ ਸਮੁੱਚਾ ਖ਼ਾਲਸਾ ਪੰਥ ਉਨ੍ਹਾਂ ਦਾ ਕੋਟਨ ਕੋਟਿ ਧੰਨਵਾਦ ਕਰਦਾ ਹੈ।

ਅੱਜ ਦੇਸ਼ ਦੇ ਪ੍ਰਧਾਨ ਮੰਤਰੀ ਸਿੱਖ ਕੌਮ ਪ੍ਰਤੀ ਸਨੇਹ ਤੇ ਸਤਿਕਾਰ ਅਤੇ ਮਹਾਨ ਗੁਰੂ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਕਰਨ ਲਈ ਸਾਡੇ ਵਿੱਚ ਬਿਰਾਜਮਾਨ ਹਨ। ਉਨ੍ਹਾਂ ਨੇ 2014 'ਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਦਿਆਂ ਸਾਰ ਹੀ ਤੁਰੰਤ ਠੋਸ ਫ਼ੈਸਲੇ ਲੈ ਕੇ 1984 ਵਿੱਚ ਸਿੱਖ ਕੌਮ ਉੱਤੇ ਵਾਪਰੇ ਮਹਾਂ-ਦੁਖਾਂਤ ਅਤੇ ਸ਼ਰਮਨਾਕ ਪਾਪ ਦੇ ਦੋਸ਼ੀਆਂ ਨੂੰ ਕਾਨੂੰਨ ਦੇ ਸ਼ਿਕੰਜੇ ਵਿੱਚ ਲਿਆ ਕੇ ਸਜ਼ਾਵਾਂ ਦੁਆਉਣ ਦਾ ਅਮਲ ਸ਼ੁਰੂ ਕਰ ਦਿੱਤਾ ਸੀ,

ਜਿਸ ਦੇ ਸਿੱਟੇ ਵਜੋਂ ਸਿਆਸੀ ਸਰਪ੍ਰਸਤੀ ਵਾਲੇ ਵੱਡੇ ਹਤਿਆਰਿਆਂ ਸਮੇਤ ਕਈ ਕਾਤਲ ਜੇਲ੍ਹ ਦੀਆਂ ਸਲਾਖਾਂ ਪਿੱਛੇ ਸੁੱਟੇ ਗਏ ਤੇ ਕਈ ਹੋਰ ਕਾਨੂੰਨ ਦੀ ਗ੍ਰਿਫ਼ਤ ਹੇਠ ਆ ਰਹੇ ਹਨ। ਇਸ ਤੋਂ ਇਲਾਵਾ, ਮੋਦੀ ਸਰਕਾਰ ਵੱਲੋਂ ਹਰ ਪੀੜਤ ਪਰਿਵਾਰ, ਜਿਨ੍ਹਾਂ ਦੀ ਗਿਣਤੀ ਕੋਈ ਸਾਢੇ ਤਿੰਨ ਹਜ਼ਾਰ ਹੈ, ਨੂੰ 5–5 ਲੱਖ ਰੁਪਏ ਦੀ ਰਾਹਤ ਦਿੱਤੀ ਗਈ ਹੈ।

ਪਿਛਲੀਆਂ ਕੁਝ ਸਰਕਾਰਾਂ ਦੌਰਾਨ, ਪੰਜਾਬ ਦੇ ਕਾਲੇ ਦਿਨਾਂ ਦੀ ਆੜ ਹੇਠ ਵਿਦੇਸ਼ਾਂ ਵਿੱਚ ਹਜ਼ਾਰਾਂ ਪ੍ਰਵਾਸੀ ਸਿੱਖ ਜੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਕਾਲੀਆਂ ਸੂਚੀਆਂ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਖੱਜਲ ਕੀਤਾ ਜਾਂਦਾ ਸੀ। ਮੋਦੀ ਸਾਹਿਬ ਨੇ ਉਹ ਕਾਲੀਆਂ ਸੂਚੀਆਂ ਖ਼ਤਮ ਕਰਨ ਦੇ ਹੁਕਮ ਜਾਰੀ ਕੀਤੇ ਤੇ ਇਹ ਵੀ ਫ਼ੈਸਲਾ ਕੀਤਾ ਕਿ ਜਿਹੜੇ ਸਿੱਖ ਵੀਰ ਪੰਜਾਬ ਵਿੱਚ ਕਾਲੇ ਦਿਨਾਂ ਦੌਰਾਨ ਸਰਕਾਰੀ ਤਸ਼ੱਦਦ ਕਾਰਣ ਬਾਹਰਲੇ ਮੁਲਕਾਂ ਵਿੱਚ ਬਤੌਰ ਸ਼ਰਨਾਰਥੀ ਰਹਿ ਰਹੇ ਹਨ, ਉਨ੍ਹਾਂ ਦੇ ਬੱਚਿਆਂ ਸਮੇਤ ਪਰਿਵਾਰਾਂ ਨੂੰ ਭਾਰਤ ਦਾ ਵੀਜ਼ਾ ਜਾਰੀ ਕੀਤਾ ਜਾਏ।

ਕਰਤਾਰਪੁਰ ਸਾਹਿਬ ਦੇ ਲਾਂਘੇ ਨੂੰ ਸ਼ੁਰੂ ਕਰਨ ਦੇ ਇਤਿਹਾਸਿਕ ਕਾਰਜ ਸਮੇਤ 2014 ਤੋਂ ਅੱਜ ਤੱਕ ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਵੱਲੋਂ ਪੰਥ ਮਹਾਰਾਜ ਦੇ ਪਾਵਨ ਨਿਸ਼ਾਨ ਜੁੱਗੋ ਜੁੱਗ ਝੂਲਦੇ ਰੱਖਣ ਹਿਤ ਕੀਤੀਆਂ ਗਈਆਂ ਇਤਿਹਾਸਿਕ ਅਤੇ ਜ਼ਰੂਰਤਮੰਦਾਨਾ ਪਹਿਲਕਦਮੀਆਂ ਅਤੇ ਕੌਮ ਪ੍ਰਤੀ ਉਨ੍ਹਾਂ ਦੀ ਉਸਾਰੂ ਅਤੇ ਨਿੱਘੀ ਦੋਸਤਾਨਾ ਸੋਚ ਤੇ ਭਾਵਨਾ ਅਤੇ ਸਿੱਖ ਕੌਮ ਦੀ ਆਨ, ਸ਼ਾਨ ਅਤੇ ਸਨਮਾਨ ਲਈ ਉਨ੍ਹਾਂ ਵੱਲੋਂ ਮਾਰੇ ਗਏ ਹੋਰ ਬੇਹੱਦ ਅਹਿਮ ਹੰਭਲਿਆਂ ਨੂੰ ਮੁੱਖ ਰੱਖਦਿਆਂ ਖ਼ਾਲਸਾ ਪੰਥ ਦੀ ਸਿਰਮੌਰ ਨੁਮਾਇੰਦਾ ਧਾਰਮਿਕ ਪਾਰਲੀਮੈਂਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਨੂੰ ਵੱਕਾਰੀ “ਕੌਮੀ ਸੇਵਾ ਅਵਾਰਡ” ਨਾਲ ਸਨਮਾਨਿਤ ਕਰਨ ਵਿੱਚ ਮਾਣ ਅਤੇ ਖ਼ੁਸ਼ੀ ਮਹਿਸੂਸ ਕਰਦੀ ਹੈ।



# ਵਿਸ਼ਾ-ਸੂਚੀ



| | | |
|---|---|---|
| 1 | ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਲਈ ਐੱਫਸੀਆਰਏ ਰਜਿਸਟ੍ਰੇਸ਼ਨ | 1 |
| 2 | ਟੈਕਸ ਫ੍ਰੀ ਲੰਗਰ | 3 |
| 3 | ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ | 5 |
| 4 | ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ | 11 |
| 5 | ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ | 15 |
| 6 | ਦੁਨੀਆ ਭਰ ਵਿੱਚ 550ਵਾਂ ਪ੍ਰਕਾਸ਼ ਪੁਰਬ | 17 |
| 7 | ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ | 23 |
| 8 | ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ | 29 |
| 9 | ਬਲੈਕ-ਲਿਸਟ ਤੋਂ ਨਾਮ ਹਟਾਉਣਾ | 31 |
| 10 | ਤਿੰਨ ਦਹਾਕਿਆਂ ਬਾਅਦ ਇਨਸਾਫ਼ | 33 |
| 11 | ਸਿੱਖ ਵਿਰਾਸਤ ਦਾ ਮਾਣ | 37 |
| 12 | ਜਲਿਆਂਵਾਲਾ ਬਾਗ਼ ਯਾਦਗਾਰ | 41 |
| 13 | ਮੁਸ਼ਕਿਲ ਵਕਤ ਵਿੱਚ ਮਦਦ ਦਾ ਹੱਥ | 43 |
| 14 | ਪਾਕਿਸਤਾਨ ਦੇ ਸਿੱਖਾਂ ਦੇ ਨਾਲ ਇਕਜੁੱਟਤਾ | 47 |
| 15 | ਜੰਮੂ-ਕਸ਼ਮੀਰ ਵਿੱਚ ਸਿੱਖਾਂ ਦੇ ਅਧਿਕਾਰ ਸੁਨਿਸ਼ਚਿਤ | 51 |
| 16 | ਸੁਧਾਰ ਅਤੇ ਐੱਸਜੀਪੀਸੀ ਚੋਣਾਂ | 53 |
| 17 | ਕਨੈਕਟੀਵਿਟੀ ਅਤੇ ਕਨੈਕਸ਼ਨ | 55 |
| 18 | ਸਿੱਖ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ | 59 |
| 19 | ਪੰਜਾਬ ਦੀ ਪ੍ਰਗਤੀ ਨੂੰ ਰਫ਼ਤਾਰ | 61 |

“ ‘ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀਆਂ ਸ਼ੁੱਧ ਸਿੱਖਿਆਵਾਂ ਨਾਲ ਸਮੁੱਚੇ ਵਿਸ਼ਵ ਨੂੰ ਪ੍ਰਕਾਸ਼ਮਾਨ ਕਰਦੇ ਹਨ। ਇਸ ਤੋਂ ਪ੍ਰੇਰਣਾ ਲੈ ਕੇ,ਸਿੱਖਾਂ ਨੇ ਵਿਸ਼ਵ ਪੱਧਰ ‘ਤੇ ਕਈ ਖੇਤਰਾਂ ਵਿੱਚ ਮੋਹਰੀ ਸੇਵਾ ਕੀਤੀ ਹੈ। ਉਨ੍ਹਾਂ ਦਾ ਸਾਹਸ ਤੇ ਦਿਆਲਤਾ ਵਿਲੱਖਣ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਾਰਗ-ਦਰਸ਼ਨ ਇੰਝ ਹੀ ਸਦਾ ਮਾਨਵਤਾ ਨੂੰ ਮਿਲਦਾ ਰਹੇ। ”

- ਨਰੇਂਦਰ ਮੋਦੀ



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸਿੱਖਾਂ ਨਾਲ ਖ਼ਾਸ ਰਿਸ਼ਤਾ ਇਸ ਕਮਿਊਨਿਟੀ ਅਤੇ ਪਵਿੱਤਰ ਗੁਰੂ ਸਾਹਿਬਾਨ ਪ੍ਰਤੀ ਉਨ੍ਹਾਂ ਦੇ ਨਿਜੀ ਹਾਵ-ਭਾਵਾਂ ਅਤੇ ਉਨ੍ਹਾਂ ਦੀ ਸਰਕਾਰ ਦੇ ਸਿੱਖ ਕਮਿਊਨਿਟੀ ਨੂੰ ਤਾਕਤਵਰ ਬਣਾਉਣ ਦੇ ਕਾਰਜ ਵਿੱਚ ਦੇਖਿਆ ਗਿਆ ਹੈ। ਉਨ੍ਹਾਂ ਨੇ ਗੁਰੂ ਸਾਹਿਬਾਨ ਨੂੰ ਬਹੁਤ ਜ਼ਿਆਦਾ ਆਦਰ-ਸਤਿਕਾਰ ਦਿੱਤਾ ਹੈ ਜਦਕਿ ਉਨ੍ਹਾਂ ਨੇ ਸਿੱਖਾਂ ਦੀ ਬਹਾਦਰੀ, ਹੌਸਲੇ ਤੇ ਉੱਦਮ ਦੀ ਭਾਵਨਾ ਦੀ ਸਦਾ ਸ਼ਲਾਘਾ ਕੀਤੀ ਹੈ। ਅਜਿਹੇ ਪ੍ਰਧਾਨ ਮੰਤਰੀ ਦੀ ਲੀਡਰਸ਼ਿਪ ਵਿੱਚ ਸਰਕਾਰ ਨੇ ਵੀ ਸਿੱਖਾਂ ਦੀ ਭਲਾਈ ਲਈ ਕਈ ਸੰਸਥਾਗਤ ਕਦਮ ਉਠਾਏ ਹਨ।



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਦੇ ਹੋਏ ਪ੍ਰਧਾਨ ਮੰਤਰੀ ਮੋਦੀ

ਭਾਵੇਂ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਜਿਹੇ ਪਵਿੱਤਰ ਮੌਕਿਆਂ ਦੇ ਸਮਾਰੋਹ ਹੋਣ, ਚਾਹੇ 1984 ਦੇ ਦੰਗਾ-ਪੀੜਤਾਂ ਲਈ ਇਨਸਾਫ਼ ਦਾ ਮਾਮਲਾ ਹੋਵੇ ਜਾਂ ਸ੍ਰੀ ਕਰਤਾਰਪੁਰ ਸਾਹਿਬ ਕੌਰੀਡੋਰ (ਲਾਂਘੇ) ਦਾ ਨਿਰਮਾਣ ਹੋਵੇ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਨਿਜੀ ਦਿਲਚਸਪੀ ਦਿਖਾਈ ਹੈ ਤੇ ਸਿੱਖ ਕਮਿਊਨਿਟੀ ਲਈ ਕੰਮ ਕਰਨ ਦੀ ਅਗਵਾਈ ਕੀਤੀ ਹੈ।

ਆਓ ਮੋਦੀ ਸਰਕਾਰ ਦੁਆਰਾ ਸਿੱਖਾਂ ਦੀ ਭਲਾਈ ਲਈ ਉਠਾਏ ਗਏ ਕਦਮਾਂ 'ਤੇ ਨਿਗਾਹ ਮਾਰੀਏ।

> ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਇੱਕ ਪਵਿੱਤਰ ਅਸਥਾਨ ਹੈ ਕਿਉਂਕਿ ਇਹ ਸ਼ਾਂਤੀ ਅਤੇ ਮਾਨਵਵਾਦ ਦਾ ਪ੍ਰਤੀਕ ਹੈ।
>
> -ਨਰੇਂਦਰ ਮੋਦੀ



ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਿੱਖ ਕਮਿਊਨਿਟੀ ਦੇ ਮੈਂਬਰਾਂ ਨਾਲ

1

# ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਲਈ ਐੱਫਸੀਆਰਏ ਰਜਿਸਟ੍ਰੇਸ਼ਨ

ਸਿੱਖ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਫੈਲੀ ਕਮਿਊਨਿਟੀ ਵਿੱਚ ਸ਼ਾਮਲ ਹਨ, ਜਿਨ੍ਹਾਂ ਦੀ ਮੌਜੂਦਗੀ ਅਤੇ ਅਸਰ ਸਾਰੇ ਮਹਾਦੀਪਾਂ ਤੱਕ ਫੈਲੀ ਹੋਈ ਹੈ। ਇਸ ਦੇ ਨਾਲ ਹੀ, ਉਹ ਬਹੁਤ ਡੂੰਘੀ ਤਰ੍ਹਾਂ ਆਪਣੀਆਂ ਜੜ੍ਹਾਂ ਅਤੇ ਭਾਰਤ ਨਾਲ ਜੁੜੇ ਹੋਏ ਹਨ। ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ ਦਾ ਹਰੇਕ ਸਿੱਖ ਦੇ ਜੀਵਨ ਵਿੱਚ ਇੱਕ ਕੇਂਦਰੀ ਸਥਾਨ ਹੈ। ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ ਦੇ ਲਈ ਕੁਝ ਕਰਨਾ, ਉਨ੍ਹਾਂ ਪਵਿੱਤਰ ਸੇਵਾਵਾਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਦੀ ਗੁਰੂ ਸਹਿਬਾਨ ਕਿਸੇ ਵੀ ਸਿੱਖ ਤੋਂ ਉਮੀਦ ਕਰ ਸਕਦੇ ਹਨ।

ਦੁਨੀਆ ਭਰ ਦੇ ਸਿੱਖਾਂ ਦੀ ਜ਼ੋਰਦਾਰ ਮੰਗ ਦੇ ਬਾਵਜੂਦ ਦਹਾਕਿਆਂ ਬੱਧੀ ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ ਦੇ ਲਈ ਕੋਈ ਐੱਫ਼ਸੀਆਰਏ ਪ੍ਰਵਾਨ ਨਹੀਂ ਕੀਤੀ ਗਈ ਸੀ। ਇਸ ਕਾਰਨ ਸੰਗਤ ਵਿੱਚ ਡਾਢੀ ਨਿਰਾਸ਼ਾ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਸਮੱਸਿਆ ਦਾ ਹੱਲ ਕਰਨ ਲਈ ਦ੍ਰਿੜ੍ਹ ਸਨ। ਸਤੰਬਰ 2020 ਵਿੱਚ ਇਹ ਐਲਾਨ ਕੀਤਾ ਗਿਆ ਕਿ ਸ੍ਰੀ ਦਰਬਾਰ ਸਾਹਿਬ ਜੀ ਨੂੰ ਐੱਫ਼ਸੀਆਰਏ ਰਜਿਸਟ੍ਰੇਸ਼ਨ ਲਈ ਪ੍ਰਵਾਨ ਕਰ ਦਿੱਤੀ ਗਈ ਹੈ।

ਹੁਣ ਦੁਨੀਆ ਭਰ ਦੀ ਸੰਗਤ ਸ੍ਰੀ ਦਰਬਾਰ ਸਾਹਿਬ ਜੀ, ਅੰਮ੍ਰਿਤਸਰ ਨਾਲ ਆਪਣੀ ਨੇੜਤਾ ਹੋਰ ਡੂੰਘੀ ਕਰ ਸਕਦੀ ਹੈ। ਉਹ ਹਜ਼ਾਰਾਂ ਮੀਲ ਦੂਰ ਬੈਠ ਕੇ ਵੀ ਸੇਵਾ ਕਰ ਸਕਦੇ ਹਨ।

"ਇੱਕ ਪਾਸੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਦਰਸ਼ਨ ਜ਼ਰੀਏ ਸਮਾਜ ਨੂੰ ਏਕਤਾ, ਭਾਈਚਾਰੇ ਅਤੇ ਇੱਕਸੁਰਤਾ ਦਾ ਮਾਰਗ ਦਿਖਾਇਆ: ਦੂਜੇ ਪਾਸੇ, ਉਨ੍ਹਾਂ ਨੇ ਸਮਾਜ ਨੂੰ ਇੱਕ ਅਜਿਹੀ ਆਰਥਿਕ ਪ੍ਰਣਾਲੀ ਭੇਟ ਕੀਤੀ, ਜੋ ਸੱਚ, ਇਮਾਨਦਾਰੀ ਅਤੇ ਸਵੈਮਾਣ ਉੱਤੇ ਅਧਾਰਿਤ ਹੈ। ਉਨ੍ਹਾਂ ਸਾਨੂੰ ਸਿਖਾਇਆ ਹੈ ਕਿ ਸਚਾਈ ਤੇ ਇਮਾਨਦਾਰੀ ਨਾਲ ਹਾਸਲ ਕੀਤਾ ਗਿਆ ਵਿਕਾਸ ਹੀ ਸਾਨੂੰ ਸਦਾ ਪ੍ਰਗਤੀ ਤੇ ਖ਼ੁਸ਼ਹਾਲੀ ਦੇ ਮਾਰਗ ਵੱਲ ਲਿਜਾਂਦਾ ਹੈ।"

\- ਨਰੇਂਦਰ ਮੋਦੀ

ਸ੍ਰੀ ਹਰਿਮੰਦਰ ਸਾਹਿਬ ਜੀ, ਅੰਮ੍ਰਿਤਸਰ ਵਿਖੇ ਲੰਗਰ ਵਰਤਾਉਂਦੇ ਹੋਏ



2

# ਟੈਕਸ ਫ੍ਰੀ ਲੰਗਰ

ਲੰਗਰ ਦਾ ਵਿਚਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਲਦਾ ਆ ਰਿਹਾ ਹੈ। ਇਹ ਹੋਰਨਾਂ ਦੀ ਮਦਦ ਕਰਨ ਦਾ ਬਹੁਤ ਪ੍ਰਭਾਵਸ਼ਾਲੀ ਤਰੀਕਾ ਹੈ। ਅੱਜ, ਬਹੁਤ ਸਾਰੇ ਵਿਅਕਤੀ ਤੇ ਭਾਈਚਾਰੇ ਸਮੁੱਚੇ ਭਾਰਤ ਵਿੱਚ ਲੰਗਰ ਸੇਵਾ ਦਾ ਸਮਰਥਨ ਕਰਦੇ ਹਨ।

ਇਹ ਨੋਟ ਕੀਤਾ ਗਿਆ ਸੀ ਕਿ ਲੰਗਰ ਨਾਲ ਸਬੰਧਿਤ ਬਹੁਤ ਸਾਰੀਆਂ ਵਸਤਾਂ ਉੱਤੇ ਜੀਐੱਸਟੀ ਲਗਦਾ ਸੀ। ਪ੍ਰਮੁੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਵਫ਼ਦਾਂ, ਸਿੱਖ ਆਗੂਆਂ ਤੇ ਸਮੁੱਚੇ ਵਿਸ਼ਵ ਦੇ ਸਿੱਖਾਂ ਨੇ ਇਸ ਨੂੰ ਸਮਾਪਤ ਕਰਨ ਲਈ ਜ਼ੋਰਦਾਰ ਬੇਨਤੀਆਂ ਕੀਤੀਆਂ ਸਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਫ਼ੈਸਲਾ ਲਿਆ, ਜਿਸ ਦਾ ਬਹੁਤ ਸਾਰਿਆਂ ਨੂੰ ਲਾਭ ਹੋਇਆ। 'ਸੇਵਾ ਭੋਜ ਯੋਜਨਾ' ਤਹਿਤ ਵਿੱਤੀ ਸਹਾਇਤਾ ਮੁਹੱਈਆ ਕਰਵਾ ਕੇ ਭਾਰਤ ਸਰਕਾਰ ਨੇ ਲੰਗਰ ਵਸਤਾਂ ਉੱਤੇ ਵੀ ਜੀਐੱਸਟੀ ਸਮਾਪਤ ਕਰ ਦਿੱਤਾ।

ਲੰਗਰ ਵਿੱਚ ਵਰਤੀਆਂ ਜਾਣ ਵਾਲੀਆਂ ਖ਼ੁਰਾਕ ਵਸਤਾਂ ਉੱਤੇ ਕੇਂਦਰੀ ਜੀਐੱਸਟੀ ਅਤੇ ਆਈਜੀਐੱਸਟੀ ਦੀ ਮੁੜ ਅਦਾਇਗੀ ਮੁਹੱਈਆ ਕਰਵਾਉਣ ਲਈ ਸਲਾਨਾ ਖ਼ਰਚ 325 ਕਰੋੜ ਰੁਪਏ ਮੁਹੱਈਆ ਕਰਵਾਏ ਗਏ ਸਨ। ਇਸ ਕਦਮ ਨਾਲ ਉਨ੍ਹਾਂ ਗੁਰਦੁਆਰਾ ਸਾਹਿਬਾਨ ਨੂੰ ਬਹੁਤ ਜ਼ਿਆਦਾ ਲਾਭ ਹੋਵੇਗਾ, ਜਿਹੜੇ ਰੋਜ਼ਾਨਾ 1 ਕਰੋੜ ਤੋਂ ਵੱਧ ਲੋਕਾਂ ਨੂੰ ਮੁਫ਼ਤ ਲੰਗਰ ਛਕਾਉਂਦੇ ਹਨ।


ਇਸ ਫ਼ੈਸਲੇ ਦੀ ਸਮੁੱਚੇ ਵਿਸ਼ਵ ਵਿੱਚ ਸ਼ਲਾਘਾ ਹੋਈ। ਆਖ਼ਰ, ਦਿਆਲਤਾ ਲਈ ਕੋਈ ਸੀਮਾਵਾਂ ਹਰਗਿਜ਼ ਨਹੀਂ ਹੋਣਗੀਆਂ, ਦਇਆਵਾਨ ਭਾਵਾਂ ਲਈ ਕੋਈ ਰੁਕਾਵਟਾਂ ਨਹੀਂ ਹੋਣਗੀਆਂ।

ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਲੱਖਾਂ ਸ਼ਰਧਾਲੂਆਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਰਮਿਆਨ ਸੰਪਰਕ ਹੋਰ ਗਹਿਰਾ ਕਰੇਗਾ।

ਇਸ ਕੋਰੀਡੋਰ ਦਾ ਉਦਘਾਟਨ ਕਰਨਾ ਮੇਰੇ ਲਈ ਮਾਣ ਵਾਲੀ ਗੱਲ ਹੈ।

- ਨਰੇਂਦਰ ਮੋਦੀ

ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਉਦਘਾਟਨ ਸਮੇਂ ਪ੍ਰਧਾਨ ਮੰਤਰੀ ਮੋਦੀ



# 3

# ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ

ਸ੍ਰੀ ਕਰਤਾਰਪੁਰ ਸਾਹਿਬ ਸਿੱਖਾਂ ਲਈ ਸਭ ਤੋਂ ਵੱਧ ਪਵਿੱਤਰ ਗੁਰਧਾਮਾਂ ਵਿੱਚ ਸ਼ਾਮਲ ਹੈ। ਕਈ ਦਹਾਕਿਆਂ ਤੋਂ ਭਾਰਤ ਦੇ ਸਿੱਖ ਪਾਕਿਸਤਾਨ ਨਹੀਂ ਜਾ ਕੇ ਉੱਥੇ ਅਰਦਾਸ ਨਹੀਂ ਕਰ ਸਕੇ ਸਨ। ਇਹ ਦੇਸ਼ ਦੀ ਵੰਡ ਦਾ ਜ਼ਖ਼ਮ ਸੀ, ਜੋ ਹਾਲੇ ਤੱਕ ਅੱਲਾ ਸੀ। ਸ਼ਰਧਾਲੂਆਂ ਨੂੰ ਭਾਰਤ ਵਾਲੇ ਪਾਸੇ ਸਰਹੱਦ ਉੱਤੇ ਖਲੋ ਕੇ ਸਿਰਫ਼ ਦੂਰਬੀਨਾਂ ਜ਼ਰੀਏ ਸ੍ਰੀ ਕਰਤਾਰਪੁਰ ਸਾਹਿਬ ਦੀ ਇੱਕ ਝਲਕ ਹੀ ਦੇਖਣ ਨੂੰ ਮਿਲਦੀ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਇੱਕ ਇਤਿਹਾਸਿਕ ਕਦਮ ਉਠਾਇਆ ਗਿਆ ਸੀ, ਜਿਸ ਨਾਲ ਸਿੱਖਾਂ ਲਈ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਅਰਦਾਸ ਕਰ ਸਕਣਾ ਸੁਨਿਸ਼ਚਿਤ ਹੋਇਆ।

ਮੋਦੀ ਸਰਕਾਰ ਨੇ ਗੁਰਦਾਸਪੁਰ, ਪੰਜਾਬ ਵਿੱਚ ਡੇਰਾ ਬਾਬਾ ਨਾਨਕ ਤੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਵਿਕਾਸ ਲਈ ਕੰਮ ਕੀਤਾ।

ਇਸ ਪ੍ਰੋਜੈਕਟ ਲਈ 120 ਕਰੋੜ ਰੁਪਏ ਰੱਖੇ ਯਾਤਰੀ ਟਰਮੀਨਲ ਸਮੇਤ ਅਤਿ-ਆਧੁਨਿਕ ਬੁਨਿਆਦੀ ਢਾਂਚੇ ਦੀ ਉਸਾਰੀ ਕੀਤੀ ਗਈ ਹੈ, ਜਿੱਥੇ ਇੱਕ ਦਿਨ ਵਿੱਚ 15,000 ਸ਼ਰਧਾਲੂ ਜਾ ਸਕਦੇ ਹਨ।

ਨਵੰਬਰ 2019 ਵਿੱਚ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉੱਥੇ ਨਿਜੀ ਤੌਰ ਉੱਤੇ ਗਏ ਅਤੇ ਲਾਂਘੇ ਦਾ ਉਦਘਾਟਨ ਕੀਤਾ ਅਤੇ ਇਸ ਦੇ ਨਾਲ ਹੀ ਸ੍ਰੀ ਕਰਤਾਰਪੁਰ ਸਾਹਿਬ ਜਾ ਰਹੇ ਸ਼ਰਧਾਲੂਆਂ ਦੇ ਪਹਿਲੇ ਜਥੇ ਨੂੰ ਝੰਡੀ ਦਿਖਾਈ।

ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਉਦਘਾਟਨ ਤੋਂ ਪਹਿਲਾਂ ਪੰਜਾਬ ’ਚ ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਬੇਰ ਸਾਹਿਬ ’ਚ ਮੱਥਾ ਟੇਕਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ






ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ 'ਤੇ
ਪ੍ਰਧਾਨ ਮੰਤਰੀ ਨਰੇਂਦਰ ਮੋਦੀ



ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਉਦਘਾਟਨ ਮੌਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਪ੍ਰਦਰਸ਼ਨੀ ਨੂੰ ਦੇਖਦੇ ਹੋਏ ਪ੍ਰਧਾਨ ਮੰਤਰੀ ਮੋਦੀ








ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ
ਦੇ ਉਦਘਾਟਨ ਮੌਕੇ 'ਤੇ
ਪ੍ਰਧਾਨ ਮੰਤਰੀ ਮੋਦੀ ਲੰਗਰ
ਪ੍ਰਸਾਦ ਛਕਦੇ ਹੋਏ

> ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਨੂੰ ਸਚਾਈ, ਧਾਰਮਿਕਤਾ ਤੇ ਦਇਆ ਦਾ ਮਾਰਗ ਸਿਖਾਇਆ। ਉਹ ਸਮਾਜ 'ਚੋਂ ਅਨਿਆਂ ਤੇ ਅਸਮਾਨਤਾ ਨੂੰ ਮਿਟਾਉਣ ਲਈ ਪ੍ਰਤੀਬੱਧ ਸਨ।

- ਨਰੇਂਦਰ ਮੋਦੀ



ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ 'ਤੇ ਯਾਤਰੀ ਟਰਮੀਨਲ ਦਾ ਨਿਰੀਖਣ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

# 4

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਭਾਰਤ ਵਿੱਚ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ ਸੀ। ਹੋਰਨਾਂ ਦੇਸ਼ਾਂ ਵਿੱਚ ਸਥਿਤ ਭਾਰਤੀ ਮਿਸ਼ਨਾਂ ਨੇ ਵੀ ਇਸ ਯਾਦਗਾਰੀ ਮੌਕੇ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਪ੍ਰਵਾਸੀ ਸਿੱਖਾਂ ਨੂੰ ਲਾਮਬੰਦ ਕੀਤਾ ਸੀ।

ਬੁਨਿਆਦੀ ਢਾਂਚੇ ਨੂੰ ਅੱਪਗ੍ਰੇਡ ਕਰਨ ਦੇ ਅਤੇ ਵਿਭਿੰਨ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਗਏ।

ਸੁਲਤਾਨਪੁਰ ਲੋਧੀ, ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦਾ ਬਹੁਤ ਸਾਰਾ ਸਮਾਂ ਬਿਤਾਇਆ ਸੀ, ਨੂੰ ਇੱਕ ਵਿਰਾਸਤੀ ਸ਼ਹਿਰ ਵਜੋਂ ਵਿਕਸਿਤ ਕੀਤਾ ਜਾ ਰਿਹਾ ਹੈ। ਇਹ ਪੂਰੀ ਦੁਨੀਆ ਦੇ ਸਿੱਖਾਂ ਨੂੰ ਆਕਰਸ਼ਿਤ ਕਰੇਗਾ। ਉੱਥੋਂ ਦੇ ਰੇਲਵੇ ਸਟੇਸ਼ਨ ਨੂੰ ਵੀ ਆਧੁਨਿਕ ਬਣਾਇਆ ਜਾ ਰਿਹਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਜੁੜੇ ਅਸਥਾਨਾਂ ਵਿੱਚੋਂ ਲੰਘਣ ਵਾਲੀ ਸਪੈਸ਼ਲ ਟ੍ਰੇਨ ਇੱਕ ਹਫ਼ਤੇ 'ਚ ਪੰਜ ਦਿਨ ਸ਼ੁਰੂ ਕੀਤੀ ਜਾ ਰਹੀ ਹੈ।

ਵਿੱਤ ਮੰਤਰੀ ਨੇ ਇਸ ਸ਼ੁਭ ਮੌਕੇ ਨੂੰ ਯਾਦਗਾਰੀ ਬਣਾਉਣ ਲਈ ਸੋਨੇ ਤੇ ਚਾਂਦੀ ਦੇ ਸਿੱਕੇ ਜਾਰੀ ਕੀਤੇ।

'ਨੈਸ਼ਨਲ ਬੁੱਕ ਟ੍ਰੱਸਟ' ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਪੰਜਾਬੀ ਵਿੱਚ ਫੈਲਾਉਣ ਲਈ ਤਿੰਨ ਪੁਸਤਕਾਂ – ਗੁਰੂ ਨਾਨਕ ਬਾਣੀ, ਨਾਨਕ ਬਾਣੀ ਅਤੇ ਸਾਖੀਆਂ ਗੁਰੂ ਨਾਨਕ ਦੇਵ ਜਾਰੀ ਕੀਤੀਆਂ।



ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਬੇਰ ਸਾਹਿਬ
ਵਿੱਚ ਪ੍ਰਧਾਨ ਮੰਤਰੀ ਮੋਦੀ

ਇਸ ਦੇ ਨਾਲ ਹੀ, ਗੁਰੂ ਨਾਨਕ ਬਾਣੀ - ਉਰਦੂ, ਓਡੀਆ, ਮਰਾਠੀ, ਹਿੰਦੀ ਤੇ ਗੁਜਰਾਤੀ ਵਿੱਚ ਪ੍ਰਕਾਸ਼ਿਤ ਕਰਕੇ ਜਾਰੀ ਕੀਤੀ ਗਈ ਸੀ। ਉਸ ਨੂੰ 15 ਹੋਰ ਭਾਰਤੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਨ ਦਾ ਕੰਮ ਪ੍ਰਗਤੀ 'ਤੇ ਹੈ।


---

ਇਹ ਕਦਮ ਨੌਜਵਾਨਾਂ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੇਕ ਸਿਧਾਂਤਾਂ ਦਰਮਿਆਨ ਸਬੰਧ ਗਹਿਰੇ ਕਰਨਗੇ।

---

“ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਸੇਵਾ, ਦਇਆ ਦਾ ਪਾਠ ਪੜ੍ਹਾਉਂਦੇ ਹਨ ਅਤੇ ਸਦਭਾਵ ਵਧਾਉਂਦੇ ਹਨ। ਇਹ ਇੱਕ ਨਿਆਂਪੂਰਨ ਤੇ ਬਰਾਬਰ ਸਮਾਜ ਦਾ ਮਾਰਗ ਖੋਲ੍ਹਦੇ ਹਨ। ਇਹ ਸਾਨੂੰ ਕਦੇ ਵੀ ਅਨਿਆਂ ਅੱਗੇ ਨਾ ਝੁਕਣ ਦਾ ਪਾਠ ਵੀ ਪੜ੍ਹਾਉਂਦੇ ਹਨ।”

\- ਨਰੇਂਦਰ ਮੋਦੀ



ਖ਼ਾਲਸਾ ਕਾਲਜ, ਅੰਮ੍ਰਿਤਸਰ ਦੀ ਗਵਰਨਿੰਗ ਕੌਂਸਲ ਦੇ ਮੈਂਬਰਾਂ ਤੋਂ ਇੱਕ ਯਾਦਗਾਰੀ ਚਿੰਨ੍ਹ ਪ੍ਰਾਪਤ ਕਰਦੇ ਹੋਏ

5

# ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨੇਕ ਵਿਚਾਰਾਂ ਦਾ ਦੂਰ-ਦੁਰਾਡੇ ਤੱਕ ਪ੍ਰਚਾਰ ਕਰਨਾ ਮਹੱਤਵਪੂਰਨ ਹੈ। ਉਨ੍ਹਾਂ ਦੇ ਨੇਕ ਮਾਰਗ ਦਾ ਅਨੁਸਰਣ ਕਰਨ ਨਾਲ ਨਿਸ਼ਚਿਤ ਤੌਰ 'ਤੇ ਬਿਹਤਰ ਸੰਸਾਰ ਦਾ ਨਿਰਮਾਣ ਹੋਵੇਗਾ।

ਇਸ ਪ੍ਰਯਤਨ ਦੇ ਤਹਿਤ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ 'ਨੈਸ਼ਨਲ ਇੰਸਟੀਟਿਊਟ ਆਵ੍ ਇੰਟਰ-ਫੇਥ ਸਟਡੀਜ਼' ਸਥਾਪਿਤ ਕੀਤਾ ਜਾ ਰਿਹਾ ਹੈ। ਇਹ ਇੰਟਰ-ਫੇਥ ਸਦਭਾਵ ਦੇ ਸੰਦੇਸ਼ ਨੂੰ ਵਧਾਵੇਗਾ। ਇਸ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਸਕਾਲਰਸ਼ਿਪ ਨੂੰ ਵੀ ਬਲ ਮਿਲੇਗਾ।

ਇਸੇ ਤਰ੍ਹਾਂ, ਇੰਗਲੈਂਡ (ਯੂਕੇ) ਦੀ ਇੱਕ ਯੂਨੀਵਰਸਿਟੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਇੱਕ ਚੇਅਰ ਸਥਾਪਿਤ ਕੀਤੀ ਜਾਵੇਗੀ।

ਕੈਨੇਡਾ ਵਿੱਚ ਵੀ ਇਸੇ ਤਰ੍ਹਾਂ ਦੀ ਚੇਅਰ ਦੀ ਸਥਾਪਨਾ ਕੀਤੇ ਜਾਣ 'ਤੇ ਚਰਚਾ ਕੀਤੀ ਜਾ ਰਹੀ ਹੈ। ਪ੍ਰਵਾਸੀ ਭਾਰਤੀ, ਵਿਸ਼ੇਸ਼ ਤੌਰ 'ਤੇ ਭਾਵੀ ਪੀੜ੍ਹੀ ਨੂੰ ਇਸ ਤੋਂ ਲਾਭ ਹੋਵੇਗਾ।

"ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਹਰੇਕ ਗੁਰੂ ਸਾਹਿਬ ਨੇ ਭਾਰਤ 'ਚ ਏਕਤਾ, ਸੁਰੱਖਿਆ ਤੇ ਹਿਫ਼ਾਜ਼ਤ ਲਈ ਅਣਥੱਕ ਯਤਨ ਕੀਤੇ ਹਨ, ਅਨੇਕ ਕੁਰਬਾਨੀਆਂ ਦਿੱਤੀਆਂ ਹਨ। ਸਿੱਖ ਸਾਥੀਆਂ ਦੁਆਰਾ ਆਜ਼ਾਦੀ-ਪ੍ਰਾਪਤੀ ਦੇ ਸੰਘਰਸ਼ ਦੌਰਾਨ ਤੇ ਆਜ਼ਾਦ ਭਾਰਤ ਦੀ ਰੱਖਿਆ ਲਈ ਇਸੇ ਪਰੰਪਰਾ ਨੂੰ ਪੂਰੇ ਜੋਸ਼ ਨਾਲ ਨਿਭਾਇਆ ਜਾਂਦਾ ਰਿਹਾ ਹੈ।"

\- ਨਰੇਂਦਰ ਮੋਦੀ




ਕੈਨੇਡਾ ਦੇ ਵੈਨਕੂਵਰ 'ਚ ਇਤਿਹਾਸਿਕ ਗੁਰਦੁਆਰਾ ਸਾਹਿਬ ਖਾਲਸਾ ਦੀਵਾਨ ਵਿਖੇ ਪ੍ਰਧਾਨ ਮੰਤਰੀ ਮੋਦੀ

# 6

# ਦੁਨੀਆ ਭਰ ਵਿੱਚ 550ਵਾਂ ਪ੍ਰਕਾਸ਼ ਪੁਰਬ

ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਆਲਮੀ ਅਵਸਰ ਬਣ ਗਿਆ। ਇਸ ਬਾਰੇ ਨਾ ਸਿਰਫ ਭਾਰਤ ਭਰ ਵਿੱਚ ਬਲਕਿ ਅਮਰੀਕਾ, ਕੈਨੇਡਾ, ਬ੍ਰਿਟੇਨ, ਜਰਮਨੀ ਅਤੇ ਹੋਰ ਰਾਸ਼ਟਰਾਂ ਵਿੱਚ ਵੀ ਵਿਵਿਧ ਪ੍ਰਕਾਰ ਦੇ ਪ੍ਰੋਗਰਾਮ ਆਯੋਜਿਤ ਕੀਤੇ ਗਏ।

ਨਵੀਂ ਦਿੱਲੀ ’ਚ ਆਈਸੀਸੀਆਰ (ICCR) ਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਇੱਕ ਇੰਟਰਨੈਸ਼ਨਲ ਸੈਮੀਨਾਰ ਕਰਵਾਇਆ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਸਭ ਤੱਕ ਪਹੁੰਚਾਉਣ ਲਈ, ਵਿਭਿੰਨ ਭਾਰਤੀ ਭਾਸ਼ਾਵਾਂ ਵਿੱਚ ਗੁਰਬਾਣੀ ਦਾ ਪ੍ਰਕਾਸ਼ਨ ਕੀਤਾ ਜਾ ਰਿਹਾ ਹੈ।

ਭਾਰਤ ਸਰਕਾਰ ਦੀ ਅਪੀਲ ’ਤੇ, ਯੂਨੈਸਕੋ (UNESCO) ਉਨ੍ਹਾਂ ਦੀ ਬਾਣੀ ਨੂੰ ਵਿਦੇਸ਼ੀ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਨ ਲਈ ਕਦਮ ਉਠਾ ਰਿਹਾ ਹੈ।

ਬ੍ਰਿਟੇਨ ਵਿੱਚ, ਸੈਮੀਨਾਰ, ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਗਿਆ, ਸਮਾਰਕ ਟਿਕਟਾਂ ਵੰਡੀਆਂ ਗਈਆਂ ਯੂਨੀਵਰਸਿਟੀ ਆਵ੍ ਵਾਲਵਰਹੈਂਪਟਨ ਅਤੇ ਯੂਨੀਵਰਸਿਟੀ ਆਵ੍ ਬਰਮਿੰਘਮ ਜਿਹੀਆਂ ਵਿਭਿੰਨ ਯੂਨੀਵਰਸਿਟੀਆਂ ਵਿੱਚ ਚੇਅਰਾਂ ਦੀ ਸਥਾਪਨਾ ਕੀਤੀ ਗਈ।

ਬਰਮਿੰਘਮ ਦੇ ਆਈਕੌਨਿਕ ਟਾਊਨ ਹਾਲ ਵਿੱਚ ਇੱਕ ਸ਼ਾਨਦਾਰ ਸਮਾਪਨ ਸਮਾਗਮ ਦਾ ਆਯੋਜਨ ਕੀਤਾ ਗਿਆ। ਸਾਊਥ ਏਸ਼ੀਆ ਸੈਂਟਰ ਦੇ ਸਹਿਯੋਗ ਨਾਲ ਲੰਦਨ ਸਕੂਲ ਆਵ੍ ਇਕਨੌਮਿਕਸ ਵਿੱਚ ਸਿੱਖ ਧਰਮ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਸਪੈਸ਼ਲ ਸਪੀਕਰ ਸੀਰੀਜ਼ ਆਯੋਜਿਤ ਕੀਤੀ ਗਈ।

ਅਮਰੀਕਾ ਵਿੱਚ, ਸ਼ਬਦ ਕੀਰਤਨ , ਗੁਰਬਾਣੀ ਸੰਗੀਤ ਦਾ ਵਿਆਪਕ ਪੈਮਾਨੇ 'ਤੇ ਆਯੋਜਨ ਕੀਤਾ ਗਿਆ।

ਕੈਪੀਟਲ ਹਾਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ।

ਸਮਿਥਸੋਨੀਅਮ ਮਿਊਜ਼ੀਅਮ, ਗੁਰੂ ਅੰਗਦ ਇੰਸਟੀਟਿਊਟ ਆਵ੍ ਸਿੱਖ ਸਟਡੀਜ਼ ਅਤੇ ਸਿੱਖ ਗੁਰਦੁਆਰਿਆਂ / ਸੰਗਠਨਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸਿੱਖ ਕਲਾਕ੍ਰਿਤਾਂ ਬਾਰੇ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।

ਕੈਨੇਡਾ ਵਿੱਚ ਵੀ ਇੰਨੇ ਹੀ ਵੱਡੇ ਪੈਮਾਨੇ 'ਤੇ ਅਤੇ ਵਿਵਿਧਤਾਪੂਰਨ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਗਿਆ। ਇੱਕ ਵਿਸ਼ਵ ਪੰਜਾਬੀ ਸੰਮੇਲਨ ਦਾ ਵੀ ਆਯੋਜਨ ਕੀਤਾ ਗਿਆ।

ਜ਼ਿਕਰਯੋਗ ਗੱਲ ਇਹ ਰਹੀ ਕਿ ਇਨ੍ਹਾਂ ਪ੍ਰੋਗਰਾਮਾਂ ਵਿੱਚ ਨੌਜਵਾਨਾਂ ਨੇ ਵੱਡੀ ਸੰਖਿਆ ਵਿੱਚ ਹਿੱਸਾ ਲਿਆ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਲਈ ਯਾਦਗਾਰੀ
ਸਿੱਕਾ ਜਾਰੀ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ







ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 21 ਸਤੰਬਰ, 2019 ਨੂੰ 'ਹਾਊਡੀ ਮੋਦੀ ' ਸਮਾਗਮ
ਦੌਰਾਨ ਹਿਊਸਟਨ 'ਚ ਸਿੱਖ ਕਮਿਊਨਿਟੀ ਦੁਆਰਾ ਸਨਮਾਨਿਤ ਕੀਤਾ ਗਿਆ



ਸੰਨ 2016 'ਚ ਤਹਿਰਾਨ ਦੇ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ
ਪ੍ਰਧਾਨ ਮੰਤਰੀ ਮੋਦੀ ਨੂੰ ਸਿਰੋਪਾ ਤੇ ਕਿਰਪਾਨ ਪ੍ਰਦਾਨ ਕੀਤੇ ਜਾ ਰਹੇ ਹਨ



"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਜੀਵਨ ਲੋਕਾਂ ਦੀ ਸੇਵਾ ਕਰਨ ਤੇ ਸੱਚ, ਨਿਆਂ ਅਤੇ ਦਇਆ ਦੀਆਂ ਕਦਰਾਂ-ਕੀਮਤਾਂ ਲਈ ਜੂਝਣ ਪ੍ਰਤੀ ਸਮਰਪਿਤ ਸੀ।"

\- ਨਰੇਂਦਰ ਮੋਦੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਗੁਰਦੁਆਰਾ
ਸ੍ਰੀ ਪਟਨਾ ਸਾਹਿਬ ਵਿਖੇ ਪ੍ਰਧਾਨ ਮੰਤਰੀ ਮੋਦੀ



7

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ

ਭਾਰਤ ਨੇ 2016-17 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 350ਵਾਂ ਪ੍ਰਕਾਸ਼ ਪੁਰਬ ਬੇਹੱਦ ਉਤਸ਼ਾਹ ਨਾਲ ਮਨਾਇਆ ਸੀ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਰਕਾਰੀ ਸਮਾਰੋਹਾਂ 'ਚ ਭਾਗ ਲੈਣ ਲਈ ਪਟਨਾ ਗਏ ਸਨ, ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ ਸੀ।

ਇਸ ਮੌਕੇ 350 ਰੁਪਏ ਦਾ ਇੱਕ ਯਾਦਗਾਰੀ ਸਿੱਕਾ ਅਤੇ ਯਾਦਗਾਰੀ ਡਾਕ-ਟਿਕਟ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਰਧਾਂਜਲੀ ਵਜੋਂ ਜਾਰੀ ਕੀਤੇ ਗਏ ਸਨ।

ਇਸ ਮੌਕੇ ਨੂੰ ਪ੍ਰਮੁੱਖ ਸਿੱਖ ਪਵਿੱਤਰ ਅਸਥਾਨਾਂ ਨਾਲ ਸਬੰਧਿਤ ਬੁਨਿਆਦੀ ਢਾਂਚੇ ਨੂੰ ਸਜਾਉਣ ਤੇ ਸੰਵਾਰਨ ਲਈ ਵਰਤਿਆ ਗਿਆ ਸੀ।

ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਮਦਮਾ ਸਾਹਿਬ, ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਦੇ ਦਰਮਿਆਨ ਕਨੈਕਟੀਵਿਟੀ 'ਚ ਸੁਧਾਰ ਲਿਆਂਦਾ ਗਿਆ ਸੀ।

ਅੰਮ੍ਰਿਤਸਰ ਤੋਂ ਨਾਂਦੇੜ ਤੱਕ ਸ਼ਰਧਾਲੂਆਂ ਲਈ ਇੱਕ ਵਿਸ਼ੇਸ਼ ਉਡਾਣ ਸ਼ੁਰੂ ਕੀਤੀ ਗਈ ਸੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜਾਮਨਗਰ 'ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ 750 ਬਿਸਤਰਿਆਂ ਵਾਲੇ ਹਸਪਤਾਲ ਦਾ ਉਦਘਾਟਨ ਕੀਤਾ।




ਜਾਮਨਗਰ ਗੁਜਰਾਤ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਹਸਪਤਾਲ
ਦਾ ਉਦਘਾਟਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

ਭਾਰਤੀ ਰੇਲਵੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸਬੰਧਿਤ ਪ੍ਰਮੁੱਖ ਅਸਥਾਨਾਂ ਉੱਤੇ ਸ਼ਰਧਾਲੂਆਂ ਤੇ ਯਾਤਰੀਆਂ ਲਈ ਸੁਵਿਧਾਵਾਂ ਵਿੱਚ ਸੁਧਾਰ ਲਿਆਉਣ ਲਈ ਲਗਭਗ 50 ਕਰੋੜ ਰੁਪਏ ਖ਼ਰਚ ਕੀਤੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਦਰਸ਼ ਵੱਡੇ ਪੱਧਰ ਉੱਤੇ ਵਧੇਰੇ ਮਕਬੂਲ ਬਣਾਉਣ ਅਤੇ ਗੁਰੂ ਸਾਹਿਬਾਨ ਦੇ ਵਿਜ਼ਨ ਤੇ ਸੰਗਤ ਦੇ ਦਰਮਿਆਨ ਰਿਸ਼ਤਾ ਹੋਰ ਗਹਿਰਾ ਕਰਨ ਦੀ ਦਿਸ਼ਾ ਵਿੱਚ ਇਹ ਕਦਮ ਬਹੁਤ ਉਪਯੋਗੀ ਰਹੇ।







ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ 05 ਜਨਵਰੀ, 2017 ਨੂੰ ਬਿਹਾਰ ਦੇ ਪਟਨਾ ਵਿਖੇ ਯਾਦਗਾਰੀ ਡਾਕ-ਟਿਕਟ ਜਾਰੀ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਯਾਦਗਾਰੀ ਸਿੱਕਾ ਜਾਰੀ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ


ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਸਮੇਂ ਪ੍ਰਧਾਨ ਮੰਤਰੀ ਮੋਦੀ ਨੇ ਇੱਕ ਇਕੱਠ ਨੂੰ ਸੰਬੋਧਨ ਕੀਤਾ

**Narendra Modi**
@narendramodi

We bow to Guru Tegh Bahadur Ji on the day of his martyrdom. Inspired by the noble thoughts of the venerable Sikh Gurus, Guru Tegh Bahadur Ji remained committed to harmony and peace. He was at the forefront of fighting injustice and never compromised on core values.

MINISTRY OF HOME AFFAIRS

(Internal Security – I Division)

NOTIFICATION

New Delhi, the 24th October, 2020

F. No. 17014/13/2020-IS-VII .—To commemorate the 400th Birth Anniversary of Shri Guru Tegh Bahadur Ji in a befitting manner, a High Level Committee (HLC) is constituted by the Government of India as under:

Chairman

| | | |
|---|---|---|
| 1. | Shri Narendra Modi | Prime Minister of India |
| | Members | |
| 2. | Shri Om Birla | Speaker of Lok Sabha |
| 3. | Dr. Manmohan Singh | Former Prime Minister |
| 4. | Shri Rajnath Singh | Minister of Defence |
| 5. | Shri Amit Shah | Minister of Home Affairs |
| 6. | Shri Nitin Jairam Gadkari | Minister of Road Transport and Highways; and<br>Minister of Micro, Small and Medium Enterprises |
| 7. | Shri D.V. Sadananda Gowda | Minister of Chemicals and Fertilizers |
| 8. | Smt. Nirmala Sitharaman | Minister of Finance; and<br>Minister of Corporate Affairs |

8

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਇਆ ਤੇ ਬਹਾਦਰੀ ਦੇ ਪ੍ਰਤੀਕ ਹਨ। ਉਹ ਆਪਣੇ ਵਿਚਾਰਾਂ ਉੱਤੇ ਡਟੇ ਰਹੇ, ਉਸ ਲਈ ਭਾਵੇਂ ਕੋਈ ਵੀ ਕੀਮਤ ਚੁਕਾਉਣੀ ਪਈ।

---

ਉਨ੍ਹਾਂ ਦੇ ਵਿਚਾਰ ਅਤੇ ਆਦਰਸ਼ ਮੋਦੀ ਸਰਕਾਰ ਦੀ ਸਭ ਲਈ ਨਿਆਂ ਤੇ ਵਿਕਾਸ ਦੇ ਵਿਜ਼ਨ ਦੇ ਕੇਂਦਰ ਵਿੱਚ ਹਨ।

---

ਭਾਰਤ ਅਤੇ ਵਿਦੇਸ਼ਾਂ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 400ਵਾਂ ਪ੍ਰਕਾਸ਼ ਪੁਰਬ ਅਪ੍ਰੈਲ 2020 ਤੋਂ ਅਪ੍ਰੈਲ 2021 ਤੱਕ ਵੱਡੇ ਪੱਧਰ ਉੱਤੇ ਮਨਾਇਆ ਜਾ ਰਿਹਾ ਹੈ।

---

ਪ੍ਰਧਾਨ ਮੰਤਰੀ ਮੋਦੀ ਦੀ ਨਿਗਰਾਨੀ ਹੇਠ ਇੱਕ 70–ਮੈਂਬਰੀ ਕਮੇਟੀ ਇਸ ਦੇ ਲਾਗੂਕਰਨ ਦੀ ਸਮੀਖਿਆ ਕਰ ਰਹੀ ਹੈ। ਇਸ ਵਿੱਚ 11 ਰਾਜਾਂ ਦੇ ਮੁੱਖ ਮੰਤਰੀ, ਸਾਂਸਦ ਤੇ ਉੱਘੀਆਂ ਸਿੱਖ ਸ਼ਖ਼ਸੀਅਤਾਂ ਸ਼ਾਮਲ ਹਨ।

---

> "ਕਈ ਵਰ੍ਹਿਆਂ ਤੋਂ ਕੁਝ ਲੋਕਾਂ ਨੂੰ ਭਾਰਤ ਆਉਣ 'ਤੇ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਬਲੈਕ-ਲਿਸਟ ਵਿੱਚੋਂ ਨਾਮ ਹਟਾਉਣ ਦੇ ਇਸ ਕਦਮ ਨਾਲ ਹੁਣ ਕਈ ਪਰਿਵਾਰ ਵੀਜ਼ਿਆਂ ਤੇ ਓਸੀਆਈ ਕਾਰਡਾਂ ਲਈ ਅਰਜ਼ੀਆਂ ਦੇਣ ਦੇ ਯੋਗ ਹੋਣਗੇ। ਉਹ ਇੱਥੇ ਭਾਰਤ ਵਿੱਚ ਆਪਣੇ ਰਿਸ਼ਤੇਦਾਰਾਂ ਨੂੰ ਅਸਾਨੀ ਨਾਲ ਮਿਲਣ ਦੇ ਯੋਗ ਹੋਣਗੇ ਅਤੇ ਇੱਥੇ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਅਸਥਾਨਾਂ ਉੱਤੇ ਅਰਦਾਸ ਕਰਨ ਦੇ ਵੀ ਯੋਗ ਹੋਣਗੇ। "
>
> \- ਨਰੇਂਦਰ ਮੋਦੀ



ਸਿੱਖ ਕੌਂਸਲ, ਨਿਸ਼ਕਾਮ ਸੇਵਾ ਜਥਾ, ਇੰਗਲੈਂਡ ਸਥਿਤ ਗੁਰਦੁਆਰਾ ਸਾਹਿਬਾਨ ਦੇ ਪ੍ਰਮੁੱਖ ਪ੍ਰਤੀਨਿਧਾਂ, ਕੌਂਸਲਰਾਂ, ਕਮਿਊਨਿਟੀ, ਚੈਰਿਟੀ, ਵਲੰਟਰੀ ਗਰੁੱਪ ਦੇ ਪ੍ਰਤੀਨਿਧਾਂ ਤੇ ਕਾਰੋਬਾਰੀ ਆਗੂਆਂ ਦਾ ਸਿੱਖ ਵਫ਼ਦ 2015 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਉਨ੍ਹਾਂ ਦੇ ਲੰਦਨ ਦੌਰੇ ਦੌਰਾਨ ਮਿਲਿਆ ਸੀ ਅਤੇ ਉਸੇ ਦੌਰਾਨ ਹੋਰ ਮਸਲਿਆਂ ਤੋਂ ਇਲਾਵਾ 'ਬਲੈਕ-ਲਿਸਟ' ਵਿੱਚੋਂ ਲੋਕਾਂ ਦੇ ਨਾਮ ਹਟਾਉਣ ਦਾ ਮਾਮਲਾ ਵੀ ਉਠਾਇਆ ਗਿਆ ਸੀ। ਮੋਦੀ ਸਰਕਾਰ ਨੇ ਉਸ ਉੱਤੇ ਤੁਰੰਤ ਕਾਰਵਾਈ ਕੀਤੀ

9

# ਬਲੈਕ-ਲਿਸਟ ਤੋਂ ਨਾਮ ਹਟਾਉਣਾ

ਕਈ ਦਹਾਕਿਆਂ ਤੋਂ, ਵਿਦੇਸ਼ਾਂ 'ਚ ਰਹਿੰਦੇ ਕੁਝ ਸਿੱਖਾਂ ਨੂੰ ਭਾਰਤ ਸਥਿਤ ਆਪਣੇ ਘਰ ਦੀ ਯਾਤਰਾ ਕਰਨ ਲਈ ਵੀਜ਼ਾ ਲੈਣਾ ਮੁਸ਼ਕਿਲ ਹੋ ਰਹੀ ਸੀ।

ਅਜਿਹਾ ਇਸ ਕਰਕੇ ਸੀ ਕਿਉਂਕਿ ਉਹ ਅਮਰੀਕਾ, ਬ੍ਰਿਟੇਨ, ਕੈਨੇਡਾ, ਅਤੇ ਹੋਰ ਦੇਸ਼ਾਂ ਵਿੱਚ ਰਹਿੰਦੇ ਵਿਦੇਸ਼ੀ ਨਾਗਰਿਕ ਸਿੱਖਾਂ ਦੀ 'ਬਲੈਕ-ਲਿਸਟ' ਜਾਂ 'ਕੇਂਦਰ ਦੀ ਐਡਵਰਸ ਲਿਸਟ' ਵਿੱਚ ਸ਼ਾਮਲ ਸਨ।

ਇਨ੍ਹਾਂ ਵਿੱਚੋਂ ਕੁਝ ਲੋਕ ਬਹੁਤ ਬਜ਼ੁਰਗ ਸਨ ਤੇ ਉਹ ਭਾਰਤ 'ਚ ਆਪਣੇ ਘਰ ਵਿੱਚ ਤੇ ਰਿਸ਼ਤੇਦਾਰਾਂ ਕੋਲ ਆਉਣਾ ਚਾਹੁੰਦੇ ਸਨ, ਲੇਕਿਨ ਉਹ ਕਈ ਸਾਲਾਂ ਤੋਂ ਅਜਿਹਾ ਨਹੀਂ ਕਰ ਸਕ ਰਹੇ ਸਨ।

ਹਾਲਾਂਕਿ ਮੋਦੀ ਸਰਕਾਰ ਨੇ ਦਿਲ ਨੂੰ ਛੂਹ ਲੈਣ ਵਾਲੀ ਕਾਰਵਾਈ ਕਰਦੇ ਹੋਏ 314 ਨਾਮਾਂ ਦੀ ਬਲੈਕ-ਲਿਸਟ ਵਿੱਚੋਂ 312 ਲੋਕਾਂ ਦਾ ਨਾਮ ਹਟਾ ਦਿੱਤਾ।

ਬਲੈਕ-ਲਿਸਟ ਤੋਂ ਨਾਮ ਹਟਣ ਨਾਲ ਇਨ੍ਹਾਂ ਸਾਰੇ ਲੋਕਾਂ ਨੂੰ ਆਪਣੇ ਪਰਿਵਾਰਾਂ ਨਾਲ ਮੁਲਾਕਾਤ ਕਰਨ, ਭਾਰਤੀ ਵੀਜ਼ਾ ਅਤੇ ਓਸੀਆਈ (OCI) ਕਾਰਡ ਪ੍ਰਾਪਤ ਕਰਨ ਤੇ ਆਪਣੀਆਂ ਜੜਾਂ ਨਾਲ ਦੁਬਾਰਾ ਜੁੜਨ ਵਿੱਚ ਮਦਦ ਮਿਲੇਗੀ।

ਉਹ ਭਾਰਤ ਵਿੱਚ ਆਪਣੇ ਪਵਿੱਤਰ ਸਥਾਨਾਂ ਦੀ ਵੀ ਯਾਤਰਾ ਕਰ ਸਕਦੇ ਹਨ ਅਤੇ ਅਸ਼ੀਰਵਾਦ ਪ੍ਰਾਪਤ ਕਰ ਸਕਦੇ ਹਨ ਜੋ ਉਹ ਇਨ੍ਹਾਂ ਸਾਰੇ ਵਰ੍ਹਿਆਂ ਦੇ ਦੌਰਾਨ ਨਹੀਂ ਕਰ ਸਕੇ ਸਨ।

> ਹਜ਼ਾਰਾਂ ਲੋਕ ਮਾਰੇ ਗਏ ਸਨ ਤੇ ਜਿਊਂਦੇ ਸਾੜ ਦਿੱਤੇ ਗਏ ਸਨ, ਪਰਿਵਾਰ ਤਬਾਹ ਹੋ ਗਏ ਸਨ ਤੇ ਫਿਰ ਵੀ ਕੁਝ ਲੋਕ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਸਨ। ਸਾਲ 1984 'ਚ ਜੋ ਕੁਝ ਵੀ ਵਾਪਰਿਆ, ਉਹ ਮਨੁੱਖਤਾ ਲਈ ਸ਼ਰਮਨਾਕ ਹੈ। ਤੁਹਾਡੇ ਇਸ ਚੌਕੀਦਾਰ ਨੇ ਤੁਹਾਨੂੰ ਇਨਸਾਫ਼ ਦਿਵਾਉਣ ਦਾ ਵਾਅਦਾ ਕੀਤਾ ਸੀ। ਮੈਂ ਤੁਹਾਡੇ ਨਾਲ ਵਾਅਦਾ ਕੀਤਾ ਸੀ ਕਿ ਮੈਂ ਤੁਹਾਡੇ ਇਨਸਾਫ਼ ਲਈ ਲੜਾਂਗਾ। ਅੱਜ, ਮੈਂ ਤਸੱਲੀ ਨਾਲ ਆਖ ਸਕਦਾ ਹਾਂ ਕਿ ਇੱਕ ਦੋਸ਼ੀ ਨੂੰ ਫਾਂਸੀ ਦੀ ਸਜ਼ਾ ਹੋ ਗਈ ਅਤੇ ਬਾਕੀਆਂ ਨੂੰ ਉਮਰ-ਕੈਦ ਦੀ ਸਜ਼ਾ ਮਿਲੀ ਹੈ ਅਤੇ ਜਿਹੜੇ ਬਚ ਗਏ ਹਨ, ਉਹ ਵੀ ਲੰਬਾ ਸਮਾਂ ਨਹੀਂ ਬਚ ਸਕਣਗੇ।

\- ਨਰੇਂਦਰ ਮੋਦੀ



10

# ਤਿੰਨ ਦਹਾਕਿਆਂ ਬਾਅਦ ਇਨਸਾਫ਼

1984 ਵਿੱਚ ਸਿੱਖਾਂ ਵਿਰੁੱਧ ਹੋਈ ਰਾਜਨੀਤਕ ਹਿੰਸਾ ਇੱਕ ਘਿਨਾਉਣਾ ਧੱਬਾ ਸੀ। ਉੱਤੋਂ ਦੁਖਦਾਈ ਗੱਲ ਇਹ ਸੀ ਕਿ ਉਸ ਵਾਰਦਾਤ ਦੇ ਸਾਜ਼ਿਸ਼ਕਾਰ ਤਿੰਨ ਦਹਾਕਿਆਂ ਤੋਂ ਇਨਸਾਫ਼ ਤੋਂ ਬਚਦੇ ਰਹੇ ਕਿਉਂਕਿ ਉਨ੍ਹਾਂ ਦੀ ਰਾਜਨੀਤਕ ਤੱਤਾਂ ਨਾਲ ਨੇੜਤਾ ਸੀ, ਜਦਕਿ ਪੀੜਤ ਲੋਕ ਤਕਲੀਫਾਂ ਝੱਲਦੇ ਰਹੇ।

ਮੋਦੀ ਸਰਕਾਰ ਨੇ ਇਸ ਦਾ ਰੁਖ ਮੋੜ ਦਿੱਤਾ। ਇਸ ਨੇ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਈ, ਜਦਕਿ ਪੀੜਤਾਂ ਨੂੰ ਮੁਆਵਜ਼ਾ ਤੇ ਸਹਾਇਤਾ ਪ੍ਰਦਾਨ ਕੀਤੇ ਗਏ।

ਸਰਕਾਰ ਨੇ ਸਿੱਖਾਂ ਨੂੰ ਇਨਸਾਫ਼ ਦਿਵਾਉਣਾ ਸੁਨਿਸ਼ਚਿਤ ਕਰਨ ਦੀ ਦਿਸ਼ਾ ਵਿੱਚ ਕੰਮ ਕੀਤਾ ਹੈ। ਉਸ ਨੇ ਸਾਰੇ ਮਾਮਲਿਆਂ ਦੀ ਜਾਂਚ ਮੁੜ-ਖੁਲ੍ਹਵਾ ਕੇ 'ਵਿਸ਼ੇਸ਼ ਜਾਂਚ ਟੀਮ' (SIT) ਨੂੰ ਯੋਗ ਬਣਾਉਂਦਿਆਂ 1984 ਦੇ ਸਿੱਖ-ਵਿਰੋਧੀ ਦੰਗਿਆਂ ਦੀ ਜਾਂਚ ਦਾ ਘੇਰਾ ਵਧਾਇਆ, ਜਿਨ੍ਹਾਂ ਮਾਮਲਿਆਂ ਦੀ ਸੁਣਵਾਈ ਪਹਿਲਾਂ ਪੂਰੀ ਹੋ ਚੁੱਕੀ ਸੀ ਤੇ ਮੁਲਜ਼ਮ ਬਰੀ ਹੋ ਗਏ ਸਨ ਅਪਰਾਧੀਆਂ ਨੂੰ ਇਨਸਾਫ਼ ਦੇ ਘੇਰੇ ਵਿੱਚ ਲਿਆਂਦਾ ਗਿਆ।

**ਦੋਸ਼ੀਆਂ ਨੂੰ ਸਜ਼ਾ ਦਿਵਾਉਣੀ**

ਲਗਭਗ 30 ਵਰ੍ਹਿਆਂ ਤੱਕ 1984 ਦੇ ਸਿੱਖ-ਵਿਰੋਧੀ ਦੰਗਿਆਂ ਦੇ ਅਪਰਾਧੀਆਂ ਨੂੰ ਕੁਝ ਨਿਹਿਤ ਸੁਆਰਥੀ ਹਿਤਾਂ ਦੁਆਰਾ ਬਚਾਇਆ ਜਾਂਦਾ ਰਿਹਾ ਸੀ।

ਮੋਦੀ ਸਰਕਾਰ ਦੁਆਰਾ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਕੇ ਤਾਜ਼ਾ ਜਾਂਚ ਕੀਤੀ ਗਈ ਸੀ; ਇਸ ਨੇ ਲਗਭਗ 300 ਮਾਮਲੇ ਅਗਲੇਰੀ ਜਾਂਚ ਲਈ ਮੁੜ-ਖੋਲ੍ਹੇ ਅਤੇ ਉਨ੍ਹਾਂ ਵਿੱਚੋਂ ਬਹੁਤਿਆਂ ਵਿਰੁੱਧ ਦੋਸ਼-ਪੱਤਰ ਆਇਦ ਕਰ ਦਿੱਤੇ ਗਏ।


1984 ਦੇ ਦੰਗਾ ਪੀੜਤਾਂ ਨਾਲ ਮੁਲਾਕਾਤ
ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

'ਵਿਸ਼ੇਸ਼ ਜਾਂਚ ਟੀਮ' (SIT) ਦੇ ਕਾਇਮ ਹੋਣ ਦੇ ਸਿਰਫ਼ 3 ਸਾਲਾਂ ਅੰਦਰ ਉਨ੍ਹਾਂ ਵੱਡੀਆਂ ਰਾਜਨੀਤਕ ਸ਼ਖ਼ਸੀਅਤਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ, ਜਿਹੜੇ ਕਾਨੂੰਨ ਤੋਂ ਬਚਦੇ ਰਹੇ ਸਨ। ਸਾਲ 2014 ਤੋਂ ਪਹਿਲਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਅਜਿਹੇ ਰਾਜਨੀਤਕ ਆਗੂ ਕਦੇ ਦੋਸ਼ੀ ਵੀ ਠਹਿਰਾਏ ਜਾਣਗੇ।

ਵਿਸ਼ੇਸ਼ ਜਾਂਚ ਟੀਮ ਨੇ ਦੋ ਜਣਿਆਂ ਨੂੰ ਅਦਾਲਤ ਤੋਂ ਦੋਸ਼ੀ ਕਰਾਰ ਕਰਵਾਇਆ, ਜਿਨ੍ਹਾਂ ਵਿੱਚੋਂ ਯਸ਼ਪਾਲ ਸਿੰਘ ਨੂੰ ਫਾਂਸੀ ਦੀ ਸਜ਼ਾ ਅਤੇ ਨਰੇਸ਼ ਸਹਿਰਾਵਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ।

ਸੀਬੀਆਈ ਨੇ 2018 'ਚ ਕਾਂਗਰਸ ਦੇ ਸਾਬਕਾ ਸਾਂਸਦ ਸੱਜਣ ਕੁਮਾਰ ਨੂੰ ਅਦਾਲਤ ਤੋਂ ਦੋਸ਼ੀ ਕਰਾਰ ਕਰਵਾਇਆ ਅਤੇ ਉਸ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਅਤੇ ਇਸ ਸਮੇਂ ਉਹ ਜੇਲ੍ਹ 'ਚ ਹੈ।

### ਭਾਰਤ ਭਰ ਵਿੱਚ ਪੀੜਤਾਂ ਨੂੰ ਮੁਆਵਜ਼ਾ ਪ੍ਰਦਾਨ ਕੀਤਾ

1984 ਦੇ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਮੱਧ ਪ੍ਰਦੇਸ਼ ਅਤੇ ਜੰਮੂ ਤੇ ਕਸ਼ਮੀਰ ਸਥਿਤ 3,328 ਦੰਗਾ-ਪੀੜਤਾਂ ਦੇ ਸਕੇ ਰਿਸ਼ਤੇਦਾਰਾਂ ਨੂੰ 5 ਲੱਖ ਰੁਪਏ ਦੀ ਅਤਿਰਿਕਤ ਰਕਮ ਦਿੱਤੀ ਗਈ।

ਇਕੱਲੇ ਦਿੱਲੀ ਵਿੱਚ, 1,320 ਪਰਿਵਾਰਾਂ ਨੂੰ 125.52 ਕਰੋੜ ਰੁਪਏ ਦਾ ਅਤਿਰਿਕਤ ਮੁਆਵਜ਼ਾ ਦਿੱਤਾ ਗਿਆ।

ਹਿੰਸਾ ਕਾਰਨ ਹੋਰ ਰਾਜਾਂ ਤੋਂ ਪੰਜਾਬ ਪਰਤੇ 1,020 ਦੰਗਾ-ਪੀੜਤ ਪਰਿਵਾਰਾਂ ਨੂੰ ਮੁੜ-ਵਸੇਬਾ ਯੋਜਨਾ ਦੇ ਹਿੱਸੇ ਵਜੋਂ ਹਰੇਕ ਪਰਿਵਾਰ ਨੂੰ 2 ਲੱਖ ਰੁਪਏ ਦਿੱਤੇ ਗਏ।

“ਸ੍ਰੀ ਗੁਰੂ ਨਾਨਕ ਦੇਵ ਜੀ ਸਿਰਫ਼ ਸਿੱਖ ਧਰਮ ਤੇ ਭਾਰਤ ਦੀ ਹੀ ਵਿਰਾਸਤ ਨਹੀਂ ਹਨ, ਬਲਕਿ ਸਮੁੱਚੀ ਮਾਨਵਤਾ ਲਈ ਵੀ ਇੱਕ ਪ੍ਰੇਰਣਾ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਇੱਕ ਗੁਰੂ ਹੋਣ ਤੋਂ ਇਲਾਵਾ ਇੱਕ ਵਿਚਾਰ ਹਨ ਅਤੇ ਜੀਵਨ ਦਾ ਅਧਾਰ ਹਨ।”

- ਨਰੇਂਦਰ ਮੋਦੀ

ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਫ਼ਗ਼ਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਨਾਲ ਪ੍ਰਧਾਨ ਮੰਤਰੀ ਮੋਦੀ



11

# ਸਿੱਖ ਵਿਰਾਸਤ ਦਾ ਮਾਣ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸਿੱਖਾਂ ਅਤੇ ਪੰਜਾਬ ਦੀ ਅਮੀਰ ਵਿਰਾਸਤ ਉੱਤੇ ਡਾਢਾ ਮਾਣ ਹੈ। ਉਹ ਤੇ ਉਨ੍ਹਾਂ ਦੀ ਸਰਕਾਰ ਭਾਰਤ ਤੇ ਵਿਦੇਸ਼ ਵਿੱਚ ਲੀਕ ਤੋਂ ਹਟ ਕੇ ਵੀ ਇਸ ਸੱਭਿਆਚਾਰ ਦੀ ਸੁੰਦਰਤਾ ਨੂੰ ਸਦਾ ਉਤਸ਼ਾਹਿਤ ਕਰਦੇ ਰਹਿੰਦੇ ਹਨ।

ਕੁਝ ਖ਼ਾਸ ਦੇਸ਼ਾਂ ਵਿੱਚ, ਸਿੱਖਾਂ ਨੂੰ ਦਸਤਾਰ ਸਜਾਉਣਾ ਤੇ ਕੇਸ–ਦਾੜ੍ਹੀ ਰੱਖਣਾ ਜਾਰੀ ਰੱਖਣ ਲਈ ਛੂਟ ਲੈਣੀ ਪੈਂਦੀ ਹੈ। ਅਜਿਹੇ ਮਾਮਲਿਆਂ ਵਿੱਚ, ਭਾਰਤੀ ਮਿਸ਼ਨਾਂ ਅਕਸਰ ਭਾਰਤੀ ਸਿੱਖਾਂ ਨੂੰ ਪੱਤਰ ਜਾਰੀ ਕਰਕੇ ਇਹ ਤਸਦੀਕ ਕਰਦੀਆਂ ਹਨ ਕਿ ਦਸਤਾਰ ਸਜਾਉਣਾ ਤੇ ਕੇਸ–ਦਾੜ੍ਹੀ ਰੱਖਣਾ ਸਿੱਖਾਂ ਲਈ ਧਾਰਮਿਕ ਰਹਿਤ–ਮਰਯਾਦਾ ਹੈ। ਇਸ ਨਾਲ ਅਜਿਹੇ ਕੁਝ ਖ਼ਾਸ ਦੇਸ਼ਾਂ ਵਿੱਚ ਅਜਿਹੀ ਛੂਟ ਹਾਸਲ ਕਰਨ ਵਿੱਚ ਮਦਦ ਮਿਲਦੀ ਹੈ, ਜਿੱਥੇ ਕੁਝ ਰੋਜ਼ਗਾਰ–ਦਾਤਿਆਂ ਦੁਆਰਾ ਦਸਤਾਰ ਸਜਾਉਣ ਜਾਂ ਕੇਸ–ਦਾੜ੍ਹੀ ਵਧਾਉਣ ਦੀ ਇਜਾਜ਼ਤ ਨਹੀਂ ਹੈ।

ਅਫ਼ਗ਼ਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗ਼ਨੀ ਦੀ ਉਨ੍ਹਾਂ ਦੇ ਸਰਕਾਰੀ ਦੌਰੇ ਦੌਰਾਨ ਅੰਮ੍ਰਿਤਸਰ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਗਵਾਨੀ ਕੀਤੀ ਗਈ। ਅਜਿਹਾ ਸਿਰਫ਼ ਨਾ ਸਿਰਫ਼ ਦੋਸਤੀ ਦਾ ਭਾਵ ਦਰਸਾਉਣ ਲਈ ਕੀਤਾ ਗਿਆ ਸੀ, ਬਲਕਿ ਇਸ ਲਈ ਵੀ ਅਹਿਮ ਸੀ ਕਿਉਂਕਿ ਅਫ਼ਗ਼ਾਨਿਸਤਾਨ ਵਿੱਚ ਬਹੁਤ ਸਾਰੇ ਸਿੱਖ ਰਹਿੰਦੇ ਹਨ।

ਸਰਕਾਰ ਹੋਰ ਦੇਸ਼ਾਂ ਦੇ ਕੁਝ ਪੁਰਾਣੇ ਗੁਰਦੁਆਰਾ ਸਾਹਿਬਾਨ ਨੂੰ ਨਵਾਂ ਰੂਪ ਦੇਣ ਤੇ ਮੁਰੰਮਤ ਲਈ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ।



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਯਾਦਗਾਰੀ ਸਿੱਕਾ ਜਾਰੀ ਕਰਨ ਦੇ ਬਾਅਦ ਸਿੱਖ ਕਮਿਊਨਿਟੀ ਦੇ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

ਟੂਰਿਜ਼ਮ ਮੰਤਰਾਲੇ ਨੇ 'ਸਵਦੇਸ਼ ਦਰਸ਼ਨ' ਯੋਜਨਾ ਦੇ ਤਹਿਤ ਅਨੰਦਪੁਰ ਸਾਹਿਬ – ਫ਼ਤਿਹਗੜ੍ਹ ਸਾਹਿਬ – ਚਮਕੌਰ ਸਾਹਿਬ – ਫ਼ਿਰੋਜ਼ਪੁਰ – ਅੰਮ੍ਰਿਤਸਰ – ਖਟਕੜ ਕਲਾਂ – ਕਲਾਨੌਰ – ਪਟਿਆਲਾ ਹੈਰੀਟੇਜ ਸਰਕਟ ਦੇ ਵਿਕਾਸ ਦੀ ਪ੍ਰਵਾਨਗੀ ਦਿੱਤੀ ਹੈ।

---


ਨਾਂਦੇੜ, ਮਹਾਰਾਸ਼ਟਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼–ਪੁਰਬ ਦੇ ਅਵਸਰ 'ਤੇ ਨਾਂਦੇੜ ਵਿਖੇ 'ਮਲਟੀਮੀਡੀਆ ਪ੍ਰਦਰਸ਼ਨੀ' ਆਯੋਜਿਤ ਕੀਤੀ ਗਈ ਸੀ, ਜਿਸ ਦੀ ਬਹੁਤ ਸ਼ਲਾਘਾ ਹੋਈ ਸੀ।

---

“ ਅਸੀਂ ਜਦੋਂ ਜਲਿਆਂਵਾਲਾ ਬਾਗ਼ ਦੇ ਭਿਆਨਕ ਕਤਲੇਆਮ ਦੇ 100 ਵਰ੍ਹੇ ਪੂਰੇ ਹੋਣ 'ਤੇ ਗੌਰ ਕਰਦੇ ਹਾਂ, ਤਾਂ ਭਾਰਤ ਉਨ੍ਹਾਂ ਸਭ ਨੂੰ ਸ਼ਰਧਾਂਜਲੀ ਭੇਟ ਕਰਦਾ ਹੈ, ਜਿਨ੍ਹਾਂ ਨੇ ਉਸ ਮੰਦਭਾਗੇ ਦਿਨ ਸ਼ਹਾਦਤ ਪ੍ਰਾਪਤ ਕੀਤੀ ਸੀ। ਉਨ੍ਹਾਂ ਦੀ ਵੀਰਤਾ ਤੇ ਬਲੀਦਾਨ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਦੀ ਯਾਦ ਸਾਨੂੰ ਇੱਕ ਅਜਿਹੇ ਭਾਰਤ ਦੇ ਨਿਰਮਾਣ ਲਈ ਹੋਰ ਵੀ ਸਖ਼ਤ ਮਿਹਨਤ ਕਰਨ ਵਾਸਤੇ ਪ੍ਰੇਰਦੀ ਹੈ ਕਿ ਜਿਸ ਉੱਤੇ ਉਨ੍ਹਾਂ ਨੂੰ ਵੀ ਮਾਣ ਹੋਵੇਗਾ। ”

- ਨਰੇਂਦਰ ਮੋਦੀ

ਜਲਿਆਂਵਾਲਾ ਬਾਗ਼, ਅੰਮ੍ਰਿਤਸਰ ਵਿਖੇ ਪ੍ਰਧਾਨ ਮੰਤਰੀ ਮੋਦੀ



12

# ਜਲਿਆਂਵਾਲਾ ਬਾਗ਼ ਯਾਦਗਾਰ

ਭਾਰਤ ਦੀਆਂ ਅਭੁੱਲ ਰਾਸ਼ਟਰੀ ਯਾਦਾਂ ਵਿੱਚੋਂ ਇੱਕ ਹੈ ਜਲਿਆਂਵਾਲਾ ਬਾਗ਼ ਕਤਲੇਆਮ।

ਪੰਜਾਬ ਆਜ਼ਾਦੀ ਸੰਘਰਸ਼ ਦੇ ਧੁਰਿਆਂ ਵਿੱਚੋਂ ਇੱਕ ਸੀ ਅਤੇ ਖ਼ਾਸ ਤੌਰ ਉੱਤੇ ਇਸ ਘਟਨਾ ਨੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ ਅਤੇ ਬਸਤੀਵਾਦੀ ਜ਼ੁਲਮ ਵੱਲ ਸਭ ਦਾ ਧਿਆਨ ਖਿੱਚਿਆ ਗਿਆ ਸੀ।

ਮਹਾਨ ਕੁਰਬਾਨੀਆਂ ਕਰਨ ਵਾਲੇ ਸ਼ਹੀਦਾਂ ਨੂੰ ਉਚਿਤ ਸ਼ਰਧਾਂਜਲੀ ਦੇਣ ਲਈ ਮੋਦੀ ਸਰਕਾਰ ਨੇ ਰਾਸ਼ਟਰੀ ਯਾਦਗਾਰ ਦੀ ਉਸਾਰੀ ਲਈ 'ਜਲਿਆਂਵਾਲਾ ਬਾਗ਼ ਰਾਸ਼ਟਰੀ ਯਾਦਗਾਰ (ਸੋਧ) ਬਿਲ, 2019' ਲਿਆਂਦਾ ਸੀ।

ਇਸ ਘਟਨਾ ਦੇ ਸ਼ਤਾਬਦੀ ਵਰ੍ਹੇ ਦੌਰਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਨਮਨ ਕਰਨ ਲਈ ਲੋਕ ਸਭਾ ਵਿੱਚ ਬਿਲ ਪਾਸ ਕੀਤਾ ਗਿਆ ਸੀ।

ਇਸ ਨਾਲ ਯਾਦਗਾਰ ਸਬੰਧਿਤ ਟ੍ਰੱਸਟ ਵਿੱਚ ਸੁਧਾਰ ਲਿਆਂਦਾ ਗਿਆ ਤੇ ਇਸ ਨੂੰ ਰਾਜਨੀਤੀ ਤੋਂ ਮੁਕਤ ਬਣਾ ਦਿੱਤਾ ਗਿਆ।

“ ਸਿੱਖ ਭਾਈਆਂ ਤੇ ਭੈਣਾਂ ਨੂੰ ਵੀ ਨਾਗਰਿਕਤਾ ਸੋਧ ਕਾਨੂੰਨ ਤੋਂ ਵੱਡਾ ਲਾਭ ਮਿਲੇਗਾ। ਉਹ ਅਸਾਨੀ ਨਾਲ ਭਾਰਤ ਦੀ ਨਾਗਰਿਕਤਾ ਲੈਣ ਦੇ ਯੋਗ ਹੋਣਗੇ। ”

- ਨਰੇਂਦਰ ਮੋਦੀ



ਮੋਦੀ ਸਰਕਾਰ ਦੇ ਪ੍ਰਯਤਨਾਂ ਨਾਲ, ਅਫ਼ਗ਼ਾਨਿਸਤਾਨ ਤੋਂ ਸਿੱਖ ਭਾਰਤ ਪਰਤੇ

13

# ਮੁਸ਼ਕਿਲ ਵਕਤ ਵਿੱਚ ਮਦਦ ਦਾ ਹੱਥ

ਸਿੱਖ ਭਾਵੇਂ ਵਿਸ਼ਵ ਵਿੱਚ ਕਿਤੇ ਵੀ ਰਹਿੰਦੇ ਹੋਣ, ਮੋਦੀ ਸਰਕਾਰ ਨੇ ਸਦਾ ਉਨ੍ਹਾਂ ਦੇ ਹਿਤਾਂ, ਸੁਰੱਖਿਆ ਤੇ ਸਲਾਮਤੀ ਦਾ ਧਿਆਨ ਰੱਖਿਆ।

ਬਹੁਤ ਵਾਰ, ਜਦੋਂ ਅਫ਼ਗ਼ਾਨਿਸਤਾਨ ਵਿੱਚ ਦਹਿਸ਼ਤਗਰਦਾਂ ਵੱਲੋਂ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਭਾਰਤ ਨੇ ਘੱਟ–ਗਿਣਤੀ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਕੀਤੀ ਜਾਣ ਵਾਲੀ ਅਜਿਹੀ ਬੁਜ਼ਦਿਲਾਨਾ ਹਿੰਸਾ ਦੀ ਬਹੁਤ ਸਖ਼ਤ ਨਿੰਦਾ ਕੀਤੀ।

ਮੋਦੀ ਸਰਕਾਰ ਸਿਰਫ਼ ਨਿੰਦਾ ਕਰਨ ਉੱਤੇ ਹੀ ਨਹੀਂ ਰੁਕ ਜਾਂਦੀ, ਬਲਕਿ ਕਾਰਵਾਈ ਕਰਨ ਲਈ ਵੀ ਪ੍ਰਤੀਬੱਧ ਹੈ। 'ਨਾਗਰਿਕਤਾ ਸੋਧ ਕਾਨੂੰਨ' (CAA) ਅਧੀਨ ਅਫ਼ਗ਼ਾਨਿਸਤਾਨ ਅਤੇ ਪਾਕਿਸਤਾਨ ਜਿਹੇ ਗੁਆਂਢੀ ਦੇਸ਼ਾਂ ਤੋਂ ਸਤਾਏ ਸਿੱਖ ਭਾਰਤ ਵਿੱਚ ਸ਼ਰਨ ਤੇ ਨਾਗਰਿਕਤਾ ਲੈ ਸਕਦੇ ਹਨ।

ਸਰਕਾਰ ਨੇ ਜੁਲਾਈ ਅਤੇ ਸਤੰਬਰ 2020 ਦੇ ਦੌਰਾਨ 230 ਸਿੱਖ ਪਰਿਵਾਰਾਂ ਦੀ ਅਫ਼ਗ਼ਾਨਿਸਤਾਨ ਤੋਂ ਵਾਪਸੀ ਯਕੀਨੀ ਬਣਾਈ।

ਭਾਰਤ ਆਉਣ ਵਾਲੇ ਅਜਿਹੇ ਲੋਕਾਂ ਦੇ ਪਰਿਵਾਰਾਂ ਨਾਲ ਮੋਦੀ ਸਰਕਾਰ ਦੁਆਰਾ ਸੰਵੇਦਨਸ਼ੀਲਤਾ-ਪੂਰਬਕ ਤੇ ਸਮਰਥਨ ਵਾਲਾ ਵਿਵਹਾਰ ਕੀਤਾ ਜਾ ਰਿਹਾ ਹੈ। ਕੋਵਿਡ ਮਹਾਮਾਰੀ ਦੌਰਾਨ ਪਰਤਣ ਵਾਲਿਆਂ ਵਾਸਤੇ ਕਾਬੁਲ–ਦਿੱਲੀ–ਕਾਬੁਲ ਰੂਟ ਉੱਤੇ ਉਡਾਣਾਂ ਲਈ ਹਵਾਈ ਕਿਰਾਏ ਵਿੱਚ ਵਿਸ਼ੇਸ਼ ਰਿਆਇਤ ਦੀ ਵਿਵਸਥਾ ਕੀਤੀ ਗਈ ਸੀ।


ਮੋਦੀ ਸਰਕਾਰ ਦੇ ਪ੍ਰਯਤਨਾਂ ਨਾਲ, ਅਫ਼ਗ਼ਾਨਿਸਤਾਨ ਤੋਂ ਸਿੱਖ ਭਾਰਤ ਪਰਤੇ

ਸੀਏਏ ਸਦਕਾ, ਇਨ੍ਹਾਂ ਸਾਰੇ ਪਰਿਵਾਰਾਂ ਨੂੰ ਭਾਰਤੀ ਨਾਗਰਿਕਾਂ ਵਜੋਂ ਸੰਪੂਰਨ ਅਧਿਕਾਰ ਮਿਲਣਗੇ। ਲੇਕਿਨ ਜ਼ਰੂਰਤਾਂ ਸਿਰਫ਼ ਨਾਗਰਿਕਤਾ ਉੱਤੇ ਆ ਕੇ ਹੀ ਖ਼ਤਮ ਨਹੀਂ ਹੋ ਜਾਂਦੀਆਂ।

---

ਅਫ਼ਗ਼ਾਨਿਸਤਾਨ ਤੋਂ ਆਏ ਸਿੱਖ ਪਰਿਵਾਰਾਂ ਦੇ ਬੱਚਿਆਂ ਲਈ ਵਧੀਆ ਮਿਆਰੀ ਸਿੱਖਿਆ ਯਕੀਨੀ ਬਣਾਉਣ ਨਾਲ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਬਣਾਉਣ ਵਿੱਚ ਮਦਦ ਮਿਲੇਗੀ। ਇਸੇ ਲਈ, ਮੋਦੀ ਸਰਕਾਰ ਭਾਰਤ ਵਿੱਚ ਪੜ੍ਹਦੇ ਉਨ੍ਹਾਂ ਦੇ ਬੱਚਿਆਂ ਲਈ ਵਜ਼ੀਫ਼ੇ ਵੀ ਉਪਲਬਧ ਕਰਵਾ ਰਹੀ ਹੈ।

---

ਕਾਬੁਲ ਦੇ ਗੁਰਦੁਆਰਾ ਸਾਹਿਬਾਨ ਨੂੰ ਆਰਥਿਕ ਸਹਾਇਤਾ ਵੀ ਮੁਹੱਈਆ ਕਰਵਾਈ ਜਾ ਰਹੀ ਹੈ, ਤਾਂ ਜੋ ਜਿਹੜੇ ਹਾਲੇ ਅਫ਼ਗ਼ਾਨਿਸਤਾਨ ਵਿੱਚ ਪਿੱਛੇ ਰਹਿ ਗਏ ਹਨ, ਉਨ੍ਹਾਂ ਦੀ ਦੇਖਭਾਲ਼ ਹੋ ਸਕੇ।

---

"‘ਸਿੰਧੂ ਜਲ ਸੰਧੀ’ ਦੇ ਤਹਿਤ ਭਾਰਤ ਦਾ ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀਆਂ ਉੱਤੇ ਅਧਿਕਾਰ ਹੈ। ਇਹ ਹੱਕ ਦਰਅਸਲ, ਮੇਰੇ ਕਿਸਾਨ ਭਾਈਆਂ ਦਾ ਹੈ। ਉਹ ਪਾਣੀ ਤੁਹਾਡੇ ਖੇਤ ਤੱਕ ਨਹੀਂ ਪੁੱਜ ਰਿਹਾ, ਪਰ ਪਾਕਿਸਤਾਨ ਵਿੱਚੋਂ ਦੀ ਹੁੰਦਾ ਹੋਇਆ ਸਮੁੰਦਰ ਵਿੱਚ ਚਲਾ ਜਾਂਦਾ ਹੈ। ਪਾਕਿਸਤਾਨ ਵੀ ਇਸ ਦੀ ਵਰਤੋਂ ਨਹੀਂ ਕਰਦਾ, ਨਾ ਹੀ ਇਸ ਦਾ ਭਾਰਤ ਦੇ ਕਿਸਾਨਾਂ ਨੂੰ ਕੋਈ ਫ਼ਾਇਦਾ ਹੁੰਦਾ ਹੈ। ਮੈਂ ਇਹ ਸੁਨਿਸ਼ਚਿਤ ਕਰਨ ਲਈ ਇੱਕ ਟਾਸਕ-ਫੋਰਸ ਬਣਾਈ ਹੈ, ਤਾਕਿ ‘ਸਿੰਧੂ ਜਲ ਸੰਧੀ’ ਅਨੁਸਾਰ ਉਸ ਪਾਣੀ ਦਾ ਹਿੱਸਾ ਮਿਲ ਸਕੇ ਤੇ ਉਸ ਦਾ ਪੂਰਾ ਲਾਹਾ ਲਿਆ ਜਾ ਸਕੇ, ਜੋ ਹੁਣ ਤੱਕ ਵਹਿ ਕੇ ਪਾਕਿਸਤਾਨ ਜਾਂਦਾ ਰਿਹਾ ਹੈ। ਮੈਂ ਇਹ ਸੁਨਿਸ਼ਚਿਤ ਕਰਨ ਲਈ ਦ੍ਰਿੜ੍ਹ ਹਾਂ ਕਿ ਇਹ ਪਾਣੀ ਪੰਜਾਬ ਅਤੇ ਜੰਮੂ ਤੇ ਕਸ਼ਮੀਰ ਦੇ ਕਿਸਾਨਾਂ ਤੱਕ ਪੁੱਜੇ। "

\- ਨਰੇਂਦਰ ਮੋਦੀ

THE NEW INDIAN EXPRESS

**India has asked Pakistan to ensure minority communities' security: MEA on Sikh girl's abduction**

Published: 25th September 2020 12:02 AM

FINANCIAL EXPRESS
Read to Lead

**India lodges protest with Pakistan over abduction of Sikh girl**

By: PTI | September 21, 2020 11:31 PM

# 14

# ਪਾਕਿਸਤਾਨ ਦੇ ਸਿੱਖਾਂ ਦੇ ਨਾਲ ਇਕਜੁੱਟਤਾ

ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖ ਕਮਿਊਨਿਟੀ ਦੇ ਲੋਕ ਵੀ ਬਹਾਦਰ ਹਨ ਅਤੇ ਉਹ ਮਹਾਨ ਗੁਰੂਆਂ ਦੀ ਯਾਦ ਪ੍ਰਤੀ ਸਮਰਪਿਤ ਹਨ।

---

ਧਮਕੀਆਂ, ਹਿੰਸਾ ਅਤੇ ਦਾਬੇ ਦਾ ਸਾਹਮਣਾ ਕਰਨ ਦੇ ਬਾਵਜੂਦ ਉਹ ਆਪਣੇ ਆਦਰਸ਼ਾਂ ਦਾ ਦ੍ਰਿੜ੍ਹਤਾਪੂਰਵਕ ਪਾਲਣ ਕਰਦੇ ਹਨ ਅਤੇ ਆਪਣੇ ਸਿਰ ਨੂੰ ਉੱਚਾ ਰੱਖਦੇ ਹਨ।

---

ਪ੍ਰਧਾਨ ਮੰਤਰੀ ਮੋਦੀ ਪਾਕਿਸਤਾਨ ਵਿੱਚ ਮੌਜੂਦ ਸਿੱਖ ਧਰਮ ਦੇ ਪਵਿੱਤਰ ਸਥਾਨਾਂ ਦੀ ਸੁਰੱਖਿਆ ਕਰਨ ਦੇ ਨਾਲ-ਨਾਲ ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਮਜ਼ਬੂਤ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਨ ਜਿਨ੍ਹਾਂ ਵਿੱਚ ਆਪਣੀ ਰੱਖਿਆ ਅਤੇ ਸੁਰੱਖਿਆ ਦੇ ਲਈ ਭਾਰਤ ਦੀ ਆਵਾਜ਼ ਉਠਾਉਣਾ ਵੀ ਸ਼ਾਮਲ ਹੈ।

---

**ਪਾਕਿਸਤਾਨ ਵਿੱਚ ਰਹਿਣ ਵਾਲੇ ਸਿੱਖਾਂ ਦੀ ਰੱਖਿਆ ਅਤੇ ਸੁਰੱਖਿਆ**

ਭਾਈ ਤਾਰੂ ਸਿੰਘ ਜੀ ਇੱਕ ਪ੍ਰੇਰਣਾਦਾਇਕ ਸ਼ਖ਼ਸੀਅਤ ਹਨ। ਗੁਰੂਆਂ ਦੁਆਰਾ ਦਿੱਤੇ ਗਏ ਉਪਦੇਸ਼ਾਂ ਦੀਆਂ ਕਦਰਾਂ-ਕੀਮਤਾਂ ਅਤੇ ਉਨ੍ਹਾਂ ਦੇ ਪਰਮ ਬਲੀਦਾਨ ਦੇ ਪ੍ਰਤੀ ਉਨ੍ਹਾਂ ਦੀ ਭਗਤੀ ਕਾਫੀ ਦ੍ਰਿੜ੍ਹ ਹੈ।

---

ਲਾਹੌਰ ਵਿੱਚ ਉਨ੍ਹਾਂ ਦੀ ਸ਼ਹਾਦਤ ਦੇ ਸਥਾਨ ਗੁਰਦੁਆਰਾ 'ਸ਼ਹੀਦੀ ਅਸਥਾਨ' ਨੂੰ ਬਦਲਣ ਦੀ ਮੰਗ ਕੀਤੀ ਗਈ ਸੀ। ਭਾਰਤ ਨੇ ਇਸ 'ਤੇ ਇਤਰਾਜ਼ ਜਤਾਇਆ। ਭਾਰਤ ਨੇ ਪਾਕਿਸਤਾਨ ਵਿੱਚ ਸਿੱਖ ਵਿਰਾਸਤੀ ਸਥਲਾਂ ਅਤੇ ਪਵਿੱਤਰ ਸਥਾਨਾਂ ਨੂੰ ਨਸ਼ਟ ਕਰਨ ਦੇ ਖ਼ਿਲਾਫ਼ ਵੀ ਆਵਾਜ਼ ਉਠਾਈ ਹੈ।

---


SIKH IN PAKISTAN
SECUTION


ORCEFUL CONVERSIO
ORITIES IN PAKISTAN

ਪਾਕਿਸਤਾਨ ਵਿੱਚ ਨਾ ਸਿਰਫ਼ ਸਿੱਖ ਸਥਾਨਾਂ ਨੂੰ ਹਮਲੇ ਦਾ ਨਿਸ਼ਾਨਾ ਬਣਾਇਆ ਗਿਆ ਹੈ ਬਲਕਿ ਸਿੱਖ ਕਮਿਊਨਿਟੀ ਦੇ ਲੋਕਾਂ ਨੂੰ ਵੀ ਅਕਸਰ ਕਈ ਤਰੀਕਿਆਂ ਨਾਲ ਪਰੇਸ਼ਾਨ ਕੀਤਾ ਜਾਂਦਾ ਹੈ।

ਨਾਬਾਲਗ ਸਿੱਖ ਲੜਕੀਆਂ ਨੂੰ ਅਗਵਾ ਕਰਨ ਅਤੇ ਜਬਰਨ ਵਿਆਹ, ਸਿੱਖਾਂ ਦਾ ਜਬਰਨ ਧਰਮ ਪਰਿਵਰਤਨ, ਕਤਲ ਅਤੇ ਹਿੰਸਕ ਹਮਲਿਆਂ ਦੇ ਬਾਰੇ ਅਕਸਰ ਸੁਣਿਆ ਗਿਆ ਹੈ। ਭਾਰਤ ਨੇ ਅਜਿਹੇ ਮੁੱਦਿਆਂ ਨੂੰ ਅੰਤਰਰਾਸ਼ਟਰੀ ਪੱਧਰ ’ਤੇ ਉਠਾਇਆ ਹੈ।

ਗੁਆਂਢੀ ਦੇਸ਼ਾਂ ਵਿੱਚ ਸਤਾਏ ਗਏ ਸਿੱਖਾਂ ਨੂੰ ਨਾਗਰਿਕਤਾ ਦੇਣ ਦੇ ਲਈ ਭਾਰਤ ਨੇ ਨਾਗਰਿਕਤਾ ਸੰਸ਼ੋਧਨ ਐਕਟ ਪਹਿਲਾਂ ਹੀ ਪਾਸ ਕਰ ਦਿੱਤਾ ਗਿਆ ਹੈ।

**ਪਾਕਿਸਤਾਨ ਵਿੱਚ ਸਿੱਖ ਵਿਰਾਸਤ ਦੀ ਸੁਰੱਖਿਆ**

ਭਾਰਤ ਦੀ ਕਾਫ਼ੀ ਲੰਬੇ ਸਮੇਂ ਤੋਂ ਲਮਕੀ ਹੋਈ ਮੰਗ ਨੂੰ ਸਵੀਕਾਰ ਕਰਨ ਦੇ ਲਈ ਪਾਕਿਸਤਾਨ ’ਤੇ ਦਬਾਅ ਬਣਾਇਆ ਗਿਆ ਅਤੇ ਅਕਤੂਬਰ 2019 ਵਿੱਚ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦੇ ਲਈ ਇੱਕ ਸਮਝੌਤੇ ’ਤੇ ਦਸਤਖ਼ਤ ਕੀਤੇ ਗਏ।

ਪ੍ਰਧਾਨ ਮੰਤਰੀ ਮੋਦੀ ਨੇ ਨਵੰਬਰ 2019 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਦੇ ਮੌਕੇ ’ਤੇ ਸ੍ਰੀ ਕਰਤਾਰਪੁਰ ਸਾਹਿਬ ਕੋਰੀਡੋਰ ਦਾ ਉਦਘਾਟਨ ਕੀਤਾ। ਇਸ ਨਾਲ ਸ੍ਰੀ ਕਰਤਾਰਪੁਰ ਸਾਹਿਬ ਜਾਣ ਦੀ ਇੱਛਾ ਰੱਖਣ ਵਾਲੇ ਭਾਰਤ ਦੇ ਲੱਖਾਂ ਸਿੱਖਾਂ ਦਾ ਸੁਪਨਾ ਪੂਰਾ ਹੋਇਆ।

ਪਾਕਿਸਤਾਨ ਵਿੱਚ ਕਈ ਸਿੱਖ ਧਾਰਮਿਕ ਅਤੇ ਤੀਰਥ ਸਥਾਨਾਂ ਨੂੰ 1974 ਵਿੱਚ ਪਾਕਿਸਤਾਨ ਦੇ ਨਾਲ ਦਸਤਖ਼ਤ ਕੀਤੇ ਗਏ ਦੁਵੱਲੇ ਪ੍ਰੋਟੋਕਾਲ ਵਿੱਚ ਸ਼ਾਮਲ ਕੀਤਾ ਗਿਆ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਉਨ੍ਹਾਂ ਦੇ ਰੱਖ-ਰਖਾਅ ਦੀ ਨਿਗਰਾਨੀ ਹੁੰਦੀ ਹੈ।

ਕੋਵਿਡ-19 ਆਲਮੀ ਮਹਾਮਾਰੀ ਸਬੰਧੀ ਪਾਬੰਦੀਆਂ ਦੇ ਬਾਵਜੂਦ, ਮੋਦੀ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 551 ਵੇਂ ਪ੍ਰਕਾਸ਼ ਪੁਰਬ ਦੇ ਮੌਕੇ ’ਤੇ ਸਿੱਖ ਜਥਿਆਂ ਦੀ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਜਾਣ ਦੀ ਸੁਵਿਧਾ ਪ੍ਰਦਾਨ ਕੀਤੀ।

ਧਾਰਾ 370 ਹਟਣ ਦੇ ਨਾਲ ਹੀ ਜੰਮੂ-ਕਸ਼ਮੀਰ ਅਤੇ ਲੱਦਾਖ ਵਿੱਚ ਰਹਿਣ ਵਾਲੇ ਸਿੱਖ ਪਰਿਵਾਰਾਂ ਨੂੰ ਹੁਣ ਉਹੀ ਅਧਿਕਾਰ ਮਿਲਣਗੇ ਜੋ ਉਨ੍ਹਾਂ ਨੂੰ ਬਾਕੀ ਭਾਰਤ ਵਿੱਚ ਮਿਲਦੇ ਹਨ। ਹੁਣ ਤੱਕ ਹਜ਼ਾਰਾਂ ਪਰਿਵਾਰ ਅਜਿਹੇ ਸਨ ਜੋ ਕਈ ਅਧਿਕਾਰਾਂ ਤੋਂ ਵੰਚਿਤ ਸਨ।

- ਨਰੇਂਦਰ ਮੋਦੀ

THE ECONOMIC TIMES

## DDC polls: West Pakistan refugees outside booths in Jammu say justice done after 70 years of struggle

**Synopsis**

With the abrogation of Article 370, several communities like West Pakistan refugees, Valmikis and Gurkhas are now eligible to vote in local elections, purchase land and apply for jobs in Jammu and Kashmir, and besides these, they can also contest elections.

# 15 ਜੰਮੂ - ਕਸ਼ਮੀਰ ਵਿੱਚ ਸਿੱਖਾਂ ਦੇ ਅਧਿਕਾਰ ਸੁਨਿਸ਼ਚਿਤ

ਸਿੱਖ ਕਮਿਊਨਿਟੀ ਦੀਆਂ ਕਈ ਮੰਗਾਂ ਕਾਫ਼ੀ ਸਮੇਂ ਤੋਂ ਲੰਬਿਤ ਸਨ, ਜਿਵੇਂ ਜੰਮੂ-ਕਸ਼ਮੀਰ ਵਿੱਚ ਬਰਾਬਰ ਅਧਿਕਾਰ ਆਦਿ।

---

ਵੰਡ ਤੋਂ ਬਾਅਦ ਸ਼ਰਨਾਰਥੀ ਦੇ ਰੂਪ ਵਿੱਚ ਜੰਮੂ-ਕਸ਼ਮੀਰ ਵਿੱਚ ਆਏ ਸਿੱਖਾਂ ਨੂੰ ਧਾਰਾ 370 ਦੇ ਕਾਰਨ ਕਈ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ ਗਿਆ ਸੀ। ਹਾਲਾਂਕਿ ਸਾਰੇ ਜਾਣਦੇ ਸਨ ਕਿ ਉਹ ਆਪਣੇ ਅਧਿਕਾਰਾਂ ਤੋਂ ਵੰਚਿਤ ਹਨ ਲੇਕਿਨ ਸਥਿਤੀ ਵਿੱਚ ਬਦਲਾਅ ਲਈ ਕੋਈ ਤਿਆਰ ਨਹੀਂ ਸੀ।

---

ਪ੍ਰਧਾਨ ਮੰਤਰੀ ਮੋਦੀ ਨੇ ਕਈ ਅਜਿਹੇ ਦੀਰਘਕਾਲੀ ਮੁੱਦਿਆਂ ਦੇ ਸਮਾਧਾਨ ਦੇ ਲਈ ਵਿਅਕਤੀਗਤ ਦਿਲਚਸਪੀ ਦਿਖਾਈ।

---

ਧਾਰਾ 370 ਦੇ ਖ਼ਿਲਾਫ਼ ਮੋਦੀ ਸਰਕਾਰ ਦੀ ਸਾਹਸੀ ਅਤੇ ਨਿਰਣਾਇਕ ਪਹਿਲ ਨਾਲ ਜੰਮੂ-ਕਸ਼ਮੀਰ ਵਿੱਚ ਸਿੱਖ ਘੱਟਗਿਣਤੀ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੋਏ ਹਨ।

---

ਪਾਕਿਸਤਾਨ ਤੋਂ (ਵੰਡ ਤੋਂ ਬਾਅਦ) ਜੰਮੂ-ਕਸ਼ਮੀਰ ਆਉਣ ਵਾਲੇ 1.16 ਲੱਖ ਸਿੱਖ ਸ਼ਰਨਾਰਥੀਆਂ ਨੂੰ ਹੁਣ ਭਾਰਤ ਦੇ ਹੋਰ ਨਾਗਰਿਕਾਂ ਦੀ ਤਰ੍ਹਾਂ ਡੋਮੀਸਾਈਲ ਅਤੇ ਵੋਟਿੰਗ ਅਧਿਕਾਰ ਮਿਲਣਗੇ। ਉਹ ਦਹਾਕਿਆਂ ਤੱਕ ਇਨ੍ਹਾਂ ਅਧਿਕਾਰਾਂ ਤੋਂ ਵੰਚਿਤ ਰਹੇ।


---

ਇਸਤੋਂ ਪਹਿਲਾਂ, ਜੰਮੂ-ਕਸ਼ਮੀਰ ਦੇ ਸਿੱਖ ਜੇਕਰ ਬਾਹਰ ਦੇ ਸਿੱਖਾਂ ਨਾਲ ਵਿਆਹ ਕਰਦੇ ਸਨ ਤਾਂ ਉਨ੍ਹਾਂ ਨੂੰ ਖ਼ਦਸ਼ਾ ਰਹਿੰਦਾ ਸੀ ਕਿ ਧਾਰਾ 370 ਦੀ ਭੇਦਭਾਵ-ਪੂਰਨ ਵਿਵਸਥਾ ਦੇ ਕਾਰਨ ਕਿਤੇ ਉਨ੍ਹਾਂ ਨੂੰ ਜਾਇਦਾਦ ਦੇ ਅਧਿਕਾਰਾਂ ਨੂੰ ਗੁਆਉਣਾ ਨਾ ਪੈ ਜਾਏ। ਲੇਕਿਨ ਹੁਣ ਉਨ੍ਹਾਂ ਨੂੰ ਇਸ ਤੋਂ ਡਰਨ ਦੀ ਜ਼ਰੂਰਤ ਨਹੀਂ ਹੈ ਅਤੇ ਉਹ ਦੇਸ਼ ਦੇ ਹੋਰ ਹਿੱਸਿਆਂ ਵਿੱਚ ਰਹਿਣ ਵਾਲੇ ਸਿੱਖਾਂ ਦੇ ਨਾਲ ਆਪਣੇ ਰਿਸ਼ਤੇ ਨੂੰ ਮਜ਼ਬੂਤ ਕਰ ਸਕਦੇ ਹਨ।

---

ਮਾਣਮੱਤੇ ਪੰਜਾਬ 'ਤੇ ਭਾਰਤ ਨੂੰ ਮਾਣ ਹੈ। ਭਾਰਤ ਵਿੱਚ ਅਜਿਹਾ ਕੋਈ ਨਹੀਂ ਹੈ ਜਿਸ ਨੇ ਪੰਜਾਬ ਵਿੱਚ ਪੈਦਾ ਹੋਣ ਵਾਲੀ ਕਣਕ ਨਾ ਖਾਧੀ ਹੋਵੇ। ਇਹ ਦਾਤਿਆਂ ਦੀ ਭੂਮੀ ਹੈ ਅਤੇ ਜਦੋਂ ਵੀ ਭਾਰਤ ਦੀ ਸੇਵਾ ਕਰਨ ਦੀ ਜ਼ਰੂਰਤ ਹੋਈ ਪੰਜਾਬ ਮਜ਼ਬੂਤੀ ਨਾਲ ਖੜ੍ਹਾ ਹੋਇਆ ਹੈ। ਜਦੋਂ ਕਦੇ ਵੀ ਜ਼ਰੂਰਤ ਪਈ ਹੈ, ਤਾਂ ਪੰਜਾਬ ਦੇਸ਼ ਲਈ ਸਫ਼ਲ ਉਦਾਹਰਣ ਪੇਸ਼ ਕਰਨ ਦਾ ਕੋਈ ਮੌਕਾ ਨਹੀਂ ਛੱਡਦਾ ਹੈ।

\- ਨਰੇਂਦਰ ਮੋਦੀ



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਮੇਂ ਯਾਦਗਾਰੀ ਸਿੱਕਾ ਜਾਰੀ ਕਰਨ ਤੋਂ ਬਾਅਦ ਸਿੱਖ ਕਮਿਊਨਿਟੀ ਦੇ ਲੋਕਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ।

16

# ਸੁਧਾਰ ਅਤੇ ਐੱਸਜੀਪੀਸੀ ਚੋਣਾਂ

ਸਿੱਖ ਦਰਸ਼ਨ ਲੋਕਾਂ ਨੂੰ ਉੱਚ ਆਦਰਸ਼ਾਂ ਦੇ ਲਈ ਪ੍ਰੇਰਿਤ ਕਰਦਾ ਹੈ। ਇਹ ਸਪਸ਼ਟ ਹੈ ਕਿ ਸਿਰਫ਼ ਉਹੀ ਲੋਕ ਜੋ ਸਿੱਖ ਰਹਿਤ ਮਰਯਾਦਾ ਦੇ ਅਨੁਰੂਪ ਹਨ, ਉਨ੍ਹਾਂ ਨੂੰ ਹੀ ਐੱਸਜੀਪੀਸੀ ਚੋਣ ਵਿੱਚ ਚੋਣਕਾਰ ਬਣਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

ਕਾਨੂੰਨ ਵਿੱਚ ਇਹ ਨਿਹਿਤ ਹੋਵੇ ਇਹ ਸੁਨਿਸ਼ਚਿਤ ਕਰਨ ਦੀ ਮੰਗ ਸੀ| ਮੋਦੀ ਸਰਕਾਰ ਨੇ ਇਸ ਮੰਗ 'ਤੇ ਤੁਰੰਤ ਜਵਾਬ ਦਿੱਤਾ।

ਐੱਸਜੀਪੀਸੀ ਚੋਣਾਂ ਵਿੱਚ ਭਾਗੀਦਾਰੀ ਦੇ ਸਬੰਧ ਵਿੱਚ ਮੰਗ ਦਾ ਸਮਾਧਾਨ ਕਰਦੇ ਹੋਏ ਸਰਕਾਰ ਦੁਆਰਾ ਸਿੱਖ ਗੁਰਦੁਆਰਾ (ਸੋਧ) ਐਕਟ 2016 ਵਿੱਚ ਸੋਧ ਕੀਤੀ ਗਈ।

ਸਿੱਖ ਰਹਿਤ ਮਰਯਾਦਾ ਦੇ ਅਨੁਰੂਪ, ਜੋ ਲੋਕ ਆਪਣੀ ਦਾੜ੍ਹੀ (ਕੇਸਾਂ) ਦੀ ਬੇਅਦਬੀ, ਤੰਬਾਕੂ ਜਾਂ ਸ਼ਰਾਬ ਦਾ ਸੇਵਨ ਕਰਦੇ ਹਨ, ਐੱਸਜੀਪੀਸੀ ਚੋਣਾਂ ਵਿੱਚ ਚੋਣਕਾਰ ਦੇ ਰੂਪ ਵਿੱਚ ਰਜਿਸਟਰਡ ਨਹੀਂ ਕੀਤੇ ਜਾ ਸਕਦੇ ਹਨ।

ਹਾਲ ਹੀ ਵਿੱਚ, ਮੋਦੀ ਸਰਕਾਰ ਨੇ ਨਵੀਂ ਐੱਸਜੀਪੀਸੀ ਦੀਆਂ ਚੋਣਾਂ ਦਾ ਮਾਰਗ ਖੋਲ੍ਹਦੇ ਹੋਏ ਗੁਰਦੁਆਰਾ ਚੋਣਾਂ ਦੇ ਮੁੱਖ ਕਮਿਸ਼ਨਰ ਦੇ ਰੂਪ ਵਿੱਚ ਜਸਟਿਸ (ਰਿਟਾਇਰਡ) ਐੱਸ. ਐੱਸ. ਸਾਰੋਂ ਨੂੰ ਨਿਯੁਕਤ ਕੀਤਾ ਹੈ।

ਤੁਹਾਨੂੰ ਸਿੱਖਾਂ ਦੁਆਰਾ ਕੀਤੇ ਗਏ ਬਲੀਦਾਨਾਂ ਦੀਆਂ ਕਈ ਕਹਾਣੀਆਂ ਮਿਲਣਗੀਆਂ। ਉਨ੍ਹਾਂ ਨੇ ਸਾਡੇ ਰਾਸ਼ਟਰ ਦੀ ਸੁਰੱਖਿਆ ਦੇ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ ਹੈ। ਉਹ ਭਾਰਤ ਦੀ ਰੱਖਿਆ ਦੇ ਲਈ ਆਪਣਾ ਖ਼ੂਨ ਵਹਾਉਂਦੇ ਰਹੇ, ਅਤੇ ਆਜ਼ਾਦੀ ਤੋਂ ਬਾਅਦ ਉਨ੍ਹਾਂ ਨੇ ਇਹ ਸੁਨਿਸ਼ਚਿਤ ਕੀਤਾ ਕਿ ਕੋਈ ਵੀ ਭਾਰਤੀ ਭੁੱਖਾ ਨਾ ਰਹੇ।

\- ਨਰੇਂਦਰ ਮੋਦੀ



ਸਤੰਬਰ 2015 ਵਿੱਚ ਅਮਰੀਕਾ ਦੇ ਸਾਨ ਹੋਜ਼ੇ (San Jose) ਵਿੱਚ ਸਿੱਖ ਕਮਿਊਨਿਟੀ ਦੇ ਵਫ਼ਦ ਨਾਲ ਮੁਲਾਕਾਤ ਦੇ ਦੌਰਾਨ ਪ੍ਰਧਾਨ ਮੰਤਰੀ ਮੋਦੀ।

17

# ਕਨੈਕਟੀਵਿਟੀ ਅਤੇ ਕਨੈਕਸ਼ਨ

ਪ੍ਰਧਾਨ ਮੰਤਰੀ ਮੋਦੀ ਦਾ ਸਿੱਖ ਕਮਿਊਨਿਟੀ ਦੇ ਨਾਲ ਗਹਿਰਾ ਸਬੰਧ ਹੈ| ਇਹ ਉਨ੍ਹਾਂ ਦੇ ਕਈ ਕੰਮਾਂ ਵਿੱਚ ਦੇਖਿਆ ਜਾਂਦਾ ਹੈ, ਜਿਨ੍ਹਾਂ ਵਿੱਚ ਉਨ੍ਹਾਂ ਨੇ ਕਨੈਕਟੀਵਿਟੀ ਨੂੰ ਹੁਲਾਰਾ ਦੇਣ ਦੇ ਨਾਲ-ਨਾਲ ਦੁਨੀਆ ਭਰ ਵਿੱਚ ਸਿੱਖ ਪ੍ਰਵਾਸੀਆਂ ਦੇ ਨਾਲ ਸਬੰਧ ਮਜ਼ਬੂਤ ਕਰਨ ਦੇ ਲਈ ਕਈ ਕਦਮ ਉਠਾਏ ਹਨ।

---

ਮੋਦੀ ਸਰਕਾਰ ਨੇ ਅੰਮ੍ਰਿਤਸਰ ਤੋਂ ਲੰਦਨ ਅਤੇ ਅੰਮ੍ਰਿਤਸਰ ਤੋਂ ਦਿੱਲੀ ਤੋਂ ਬਰਮਿੰਘਮ ਦੇ ਲਈ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਹਨ। ਅੰਮ੍ਰਿਤਸਰ ਤੋਂ ਟੋਰਾਂਟੋ ਦੇ ਲਈ ਸਿੱਧੀ ਉਡਾਣ ਵੀ ਸ਼ੁਰੂ ਕੀਤੀ ਗਈ ਹੈ।

---

ਇਹ ਜਗ ਜ਼ਾਹਿਰ ਹੈ ਕਿ ਇਨ੍ਹਾਂ ਮਾਰਗਾਂ ਦੇ ਸੰਚਾਲਨ ਤੋਂ ਬਾਅਦ ਸਿੱਖ ਪ੍ਰਵਾਸੀ ਬਹੁਤ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਘਰ ਜਾ ਕੇ ਆਪਣੇ ਰਿਸ਼ਤੇਦਾਰਾਂ ਨਾਲ ਮਿਲਣ ਵਿੱਚ ਮਦਦ ਮਿਲੇਗੀ।

---

ਇਸ ਤੋਂ ਇਲਾਵਾ, ਸਿੱਖ ਤੀਰਥ ਯਾਤਰੀਆਂ ਦੇ ਲਈ ਇੰਟਰਨਲ ਕਨੈਕਟੀਵਿਟੀ ਵੀ ਵਧਾਈ ਗਈ ਹੈ| ਅੰਮ੍ਰਿਤਸਰ ਅਤੇ ਨਾਂਦੇੜ ਦੇ ਦਰਮਿਆਨ ਵਿਸ਼ੇਸ਼ ਉਡਾਣ ਦੇ ਮਾਧਿਅਮ ਨਾਲ ਹਵਾਈ ਸੰਪਰਕ ਸ਼ੁਰੂ ਕੀਤਾ ਗਿਆ ਹੈ| ਹਾਲ ਹੀ ਵਿੱਚ, ਕੋਵਿਡ ਮਹਾਮਾਰੀ ਦੇ ਦੌਰਾਨ ਨਾਂਦੇੜ ਵਿੱਚ ਫ਼ਸੇ ਸਿੱਖਾਂ ਦੇ ਲਈ ਟ੍ਰਾਂਸਪੋਰਟ ਦੀ ਵਿਵਸਥਾ ਕਰਕੇ ਉਨ੍ਹਾਂ ਨੂੰ ਘਰ ਵਾਪਸ ਲਿਆਂਦਾ ਗਿਆ ਸੀ।

---

ਪ੍ਰਮੁੱਖ ਸਿੱਖ ਪ੍ਰਵਾਸੀ ਮੈਂਬਰਾਂ ਨੂੰ ਪ੍ਰਵਾਸੀ ਭਾਰਤੀਯ ਦਿਵਸ ਦੇ ਮੌਕੇ ’ਤੇ ਸਨਮਾਨਿਤ ਕੀਤਾ ਗਿਆ ਅਤੇ ਸੁਤੰਤਰਤਾ ਦਿਵਸ ਦੇ ਲਈ ਬੁਲਾਇਆ ਗਿਆ। 2019 ਵਿੱਚ ਅੰਮ੍ਰਿਤਸਰ ਵਿੱਚ ਇੱਕ ਵਿਲੱਖਣ ਐੱਨਆਰਆਈ ਸਿੱਖ ਸੰਮੇਲਨ ਵੀ ਆਯੋਜਿਤ ਕੀਤਾ ਗਿਆ।

---



2019 ਵਿੱਚ ਹਿਊਸਟਨ, ਟੈਕਸਾਸ ਵਿੱਚ ਸਿੱਖ ਪ੍ਰਵਾਸੀ ਭਾਰਤੀ ਮੈਂਬਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ



ਹਾਲਾਂਕਿ, ਕੇਵਲ ਭਾਰਤੀ ਸਿੱਖ ਪ੍ਰਵਾਸੀਆਂ ਦੇ ਲਈ ਹੀ ਮੋਦੀ ਸਰਕਾਰ ਦੁਆਰਾ ਇਹ ਵਿਸ਼ੇਸ਼ ਕਦਮ ਨਹੀਂ ਉਠਾਏ ਹਨ।


ਭਾਰਤੀ ਸਿੱਖ ਕਮਿਊਨਿਟੀ ਦੇ ਸ਼ਰਨ ਚਾਹੁਣ ਵਾਲੇ ਮੈਂਬਰਾਂ ਨੂੰ ਦੋ ਸਾਲ ਦੀ ਮਿਆਦ ਵਾਲੇ ਪਾਸਪੋਰਟ ਜਾਰੀ ਕੀਤੇ ਜਾਣ ਦੇ ਨਾਲ ਕੌਂਸੁਲਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਸ਼ਰਨ ਚਾਹੁਣ ਵਾਲਿਆਂ ਦੇ ਪਰਿਵਾਰ ਦੇ ਮੈਂਬਰਾਂ ਦੇ ਅਤੀਤ ਦੀ ਬਲੈਕ-ਲਿਸਟ ਐਂਟਰੀਆਂ ਦੇ ਨਾਲ ਕਿਸੇ ਵੀ ਪਰਿਵਾਰਕ ਲਿੰਕ ’ਤੇ ਵਿਚਾਰ ਨਹੀਂ ਕੀਤਾ ਜਾਂਦਾ ਹੈ।

ਵਿਦੇਸ਼ੀ ਪਾਸਪੋਰਟ ਹਾਸਲ ਕਰਨ ਵਾਲੇ ਵੀ ਹੁਣ ਵੀਜ਼ੇ ਲਈ ਯੋਗ ਹਨ| ਇਸ ਤੋਂ ਇਲਾਵਾ, ਭਾਰਤ ਵਿੱਚ ਯਾਤਰਾ ਕਰਨ ਦੇ ਲਈ ਸਿੱਖ ਪ੍ਰਵਾਸੀ ਭਾਰਤੀਆਂ ਦੇ ਲਈ ਓਸੀਆਈ ਕਾਰਡ ਜਾਰੀ ਕਰਨ ਦੇ ਲਈ ਬਲੈਕ-ਲਿਸਟ ਜਾਂਚ ਵੀ ਖ਼ਤਮ ਕੀਤੀ ਗਈ ਹੈ।

ਭਾਰਤ ਨੇ ਉਨ੍ਹਾਂ ਪ੍ਰਵਾਸੀਆਂ (immigrants) ਦੇ ਲਈ ਇਟਲੀ ਦੀ ਅਮਨੈਸਟੀ ਯੋਜਨਾ ਦੇ ਅਨੁਸਾਰ ਦਿਸ਼ਾਂ-ਨਿਰਦੇਸ਼ਾਂ ਵਿੱਚ ਸੰਸ਼ੋਧਨ ਕੀਤਾ ਹੈ ਜਿਨ੍ਹਾਂ ਨੇ ਆਪਣੇ ਦਸਤਾਵੇਜ਼ ਖੋ ਦਿੱਤੇ ਹਨ। ਇਹ ਭਾਰਤੀ ਪ੍ਰਵਾਸੀਆਂ ਨੂੰ ਫ਼ਾਇਦਾ ਕਰਦਾ ਹੈ, ਇਸ ਨਾਲ ਮੁੱਖ ਰੂਪ ਤੋਂ ਸਿੱਖਾਂ ਨੂੰ ਇਟਲੀ ਵਿੱਚ ਕਾਨੂੰਨੀ ਪਹਿਚਾਣ ਪ੍ਰਾਪਤ ਹੋ ਰਹੀ ਹੈ।

ਆਓ ਅਸੀਂ ਇਸ ਮਹੱਤਵਪੂਰਨ ਅਤੇ ਪਵਿੱਤਰ ਮੰਚ 'ਤੇ ਪ੍ਰਤਿੱਗਿਆ ਕਰੀਏ ਕਿ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਨੂੰ ਆਪਣੀ ਜੀਵਨ ਦਾ ਹਿੱਸਾ ਬਣਾਵਾਂਗੇ। ਅਸੀਂ ਸਮਾਜ ਵਿੱਚ ਸਦਭਾਵਨਾ ਕਾਇਮ ਕਰਨ ਲਈ ਹਰ ਯਤਨ ਕਰਾਂਗੇ।

\- ਨਰੇਂਦਰ ਮੋਦੀ



ਹੁਨਰ ਹਾਟ, ਨਵੀਂ ਦਿੱਲੀ ਵਿਖੇ ਇੱਕ ਸਿੱਖ ਕਾਰੀਗਰ ਦੇ ਨਾਲ ਪ੍ਰਧਾਨ ਮੰਤਰੀ ਮੋਦੀ

18

# ਸਿੱਖ ਨੌਜਵਾਨਾਂ ਨੂੰ ਸ਼ਸਕਤ ਬਣਾਉਣਾ

ਸਾਲ 2014 ਤੋਂ ਪਹਿਲਾਂ, ਸਿੱਖ ਕਮਿਊਨਿਟੀ ਦੇ ਸਿਰਫ਼ 18 ਲੱਖ ਵਿਦਿਆਰਥੀਆਂ ਨੂੰ ਵਜ਼ੀਫ਼ੇ ਦਿੱਤੇ ਗਏ ਸਨ। ਲੇਕਿਨ ਮੋਦੀ ਸਰਕਾਰ ਨੇ 31 ਲੱਖ ਸਿੱਖ ਵਿਦਿਆਰਥੀਆਂ ਨੂੰ ਪ੍ਰੀ/ਪੋਸਟ ਮੈਟ੍ਰਿਕ ਅਤੇ ਮੈਰਿਟ ਤੇ ਮਾਇਕ ਸਾਧਨ ਸਕਾਲਰਸ਼ਿਪ ਦੇਣੇ ਸੁਨਿਸ਼ਚਿਤ ਕੀਤੇ।

ਹੁਨਰ ਹਾਟ, ਗ਼ਰੀਬ ਨਵਾਜ਼ ਰੋਜਗਾਰ ਯੋਜਨਾ, ਸੀਖੋ ਔਰ ਕਮਾਓ, ਨਈ ਮੰਜ਼ਿਲ ਜਿਹੀਆਂ ਆਤਮ-ਨਿਰਭਰ ਯੋਜਨਾਵਾਂ ਤਹਿਤ 10 ਲੱਖ ਲਾਭਾਰਥੀਆਂ ਵਿੱਚੋਂ ਸਿੱਖ ਨੌਜਵਾਨਾਂ ਦੀ ਵੱਡੀ ਗਿਣਤੀ ਹੈ।

ਪਿਛੜੇ ਇਲਾਕਿਆਂ ਲਈ 'ਪ੍ਰਧਾਨ ਮੰਤਰੀ ਜਨ ਵਿਕਾਸ ਕਾਰਯਕ੍ਰਮ' ਦੇ ਤਹਿਤ ਵਧੇਰੇ ਸਿੱਖ ਆਬਾਦੀ ਵਾਲੇ ਇਲਾਕਿਆਂ ਵਿੱਚ 24% ਤੋਂ ਵੱਧ ਹੇਠਲਾ ਸਮਾਜਿਕ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਗਿਆ।

1,517 ਨਵੇਂ ਸਕੂਲ ਭਵਨ

646 ਹੋਸਟਲ

163 ਰਿਹਾਇਸ਼ੀ ਸਕੂਲ

8,820 ਸਮਾਰਟ ਕਲਾਸ ਰੂਮ

32 ਕਾਲਜ

94 ਆਈਟੀਆਈ

13 ਪੌਲੀਟੈਕਨਿਕ

6 ਨਵੋਦਯ ਵਿਦਿਆਲੇ

403 ਬਹੁ–ਉਦੇਸ਼ੀ ਕਮਿਊਨਿਟੀ ਸੈਂਟਰ

598 ਮਾਰਕਿਟ ਸ਼ੈੱਡ

5,299 ਪਖਾਨੇ ਤੇ ਜਲ ਸੁਵਿਧਾਵਾਂ

143 ਕਾਮਨ ਸਰਵਿਸ ਸੈਂਟਰ

22 ਕੰਮਕਾਜੀ ਮਹਿਲਾ ਹੋਸਟਲ

1,734 ਹੈਲਥ ਪ੍ਰੋਜੈਕਟ

6 ਹਸਪਤਾਲ

8 ਹੁਨਰ ਹੱਬ

14 ਵਿਭਿੰਨ ਖੇਡ ਸੁਵਿਧਾਵਾਂ

6,014 ਆਂਗਨਵਾੜੀ ਸੈਂਟਰ

23,233 ਐਡੀਸ਼ਨਲ ਕਲਾਸ ਰੂਮ

“ਸਾਨੂੰ ਮੈਨੂਫੈਕਚਰਿੰਗ ਅਤੇ ਕੌਸ਼ਲ ਵਿਕਾਸ ਤੇ ਕੰਮ ਕਰਨਾ ਹੋਵੇਗਾ ਅਤੇ ਲੁਧਿਆਣਾ ਜਿਹੇ ਸ਼ਹਿਰਾਂ ਦਾ ਵਿਕਾਸ ਸੁਨਿਸ਼ਚਿਤ ਕਰਨਾ ਹੋਵੇਗਾ। ਮੈਂ ਚਾਹੁੰਦਾ ਹਾਂ ਕਿ ਲੁਧਿਆਣਾ ਭਾਰਤ ਦਾ ਗੌਰਵ ਬਣੇ। ਅਸੀਂ ਜ਼ੀਰੋ ਡਿਫੈਕਟ ਮੈਨੂਫੈਕਚਰਿੰਗ ‘ਤੇ ਫੋਕਸ ਕਰਾਂਗੇ ਤਾਕਿ ‘ਮੇਡ ਇਨ ਇੰਡੀਆ’ ਬ੍ਰਾਂਡ ਚਮਕੇ।”

- ਨਰੇਂਦਰ ਮੋਦੀ



ਲੁਧਿਆਣਾ ਵਿੱਚ 18 ਅਕਤੂਬਰ, 2016 ਨੈਸ਼ਨਲ ਐੱਮਐੱਸਐੱਮਈ ਅਵਾਰਡਸ ਤੋਂ ਪਹਿਲਾਂ ਚਰਖੇ ਵੰਡਦੇ ਹੋਏ, ਮਹਿਲਾਵਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ।

19

# ਪੰਜਾਬ ਦੀ ਪ੍ਰਗਤੀ ਨੂੰ ਰਫ਼ਤਾਰ

ਪੰਜਾਬ ਲਈ ਪ੍ਰਧਾਨ ਮੰਤਰੀ ਮੋਦੀ ਦੇ ਦਿਲ ਵਿੱਚ ਇੱਕ ਵਿਸ਼ੇਸ਼ ਸਥਾਨ ਹੈ, ਰਾਜ ਦੀ ਰਾਜਨੀਤੀ ਅਤੇ ਲੋਕਾਂ ਨਾਲ ਇੱਕ ਲੰਬਾ ਰਿਸ਼ਤਾ ਰਿਹਾ ਹੈ। ਉਨ੍ਹਾਂ ਨੇ ਰਾਜ ਦੇ ਲੋਕਾਂ ਸਾਹਮਣੇ ਆਉਣ ਵਾਲੀਆਂ ਚੁਣੌਤੀਆਂ ਨੂੰ ਨਜ਼ਦੀਕ ਤੋਂ ਦੇਖਿਆ ਹੈ ਅਤੇ ਹਮੇਸ਼ਾ ਰਾਜ ਦੇ ਵਿਕਾਸ ਨੂੰ ਸਰਬਉੱਚ ਪ੍ਰਾਥਮਿਕਤਾ ਦਿੱਤੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਰਾਜ ਦੇ ਵਿਭਿੰਨ ਲੰਬੇ ਸਮੇਂ ਤੋਂ ਲੰਬਿਤ ਮੁੱਦਿਆਂ 'ਤੇ ਧਿਆਨ ਦੇਣ ਲਈ ਵਿਸਤਾਰ ਨਾਲ ਕੰਮ ਕੀਤਾ ਹੈ।

## ਸ਼ਾਹਪੁਰਕੰਡੀ ਡੈਮ ਨਾਲ ਸਿੰਚਾਈ 'ਤੇ ਜ਼ੋਰ ਦੇਣਾ

ਪੰਜਾਬ ਭਾਰਤੀ ਖੇਤੀਬਾੜੀ ਲਈ ਸੁਨਹਿਰੀ ਰਾਜ ਹੈ। ਇੱਥੇ ਸਿੰਚਾਈ ਸਮਰੱਥਾ ਨੂੰ ਵਧਾਉਣ ਅਤੇ ਪੰਜਾਬ ਦੇ ਕਿਸਾਨਾਂ ਦੇ ਸਮਰਥਨ ਲਈ ਮੋਦੀ ਸਰਕਾਰ ਨੇ ਸਾਲ 2018-19 ਤੋਂ 2022-23 ਤੱਕ ਪੰਜ ਸਾਲਾਂ ਦੌਰਾਨ ਰਾਵੀ ਨਦੀ 'ਤੇ ਸ਼ਾਹਪੁਰਕੰਡੀ ਡੈਮ ਪ੍ਰੋਜੈਕਟ ਦੇ ਸਿੰਚਾਈ ਘਟਕ ਲਈ 485.38 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਨਾਲ ਲਾਗੂਕਰਨ ਨੂੰ ਪ੍ਰਵਾਨਗੀ ਦਿੱਤੀ।

ਪ੍ਰੋਜੈਕਟ ਦੇ ਪੂਰਾ ਹੋਣ 'ਤੇ, ਪੰਜਾਬ ਵਿੱਚ 5 ਹਜ਼ਾਰ ਹੈਕਟੇਅਰ ਦੀ ਸਿੰਚਾਈ ਸਮਰੱਥਾ ਬਣਾਈ ਜਾਵੇਗੀ, ਜਿਸ ਨਾਲ ਰਾਜ ਦੇ ਮਿਹਨਤੀ ਕਿਸਾਨਾਂ ਨੂੰ ਸਿੱਧਾ ਲਾਭ ਹੋਵੇਗਾ।



25 ਨਵੰਬਰ 2016 ਨੂੰ ਬਠਿੰਡਾ ਵਿੱਚ ਏਮਸ ਦੇ ਨੀਂਹ ਪੱਥਰ ਰੱਖਣ ਦੇ ਸਮਾਰੋਹ ਵਿੱਚ ਪ੍ਰਧਾਨ ਮੰਤਰੀ ਮੋਦੀ ਕਿਰਪਾਨ ਸਵੀਕਾਰ ਕਰਦੇ ਹੋਏ।

ਇਸ ਨਾਲ ਕੁਸ਼ਲ ਅਤੇ ਅਰਧ-ਕੁਸ਼ਲ ਕਾਮਿਆਂ ਲਈ ਵੀ ਬਹੁਤ ਸਾਰੀਆਂ ਨੌਕਰੀਆਂ ਪੈਦਾ ਹੋ ਰਹੀਆਂ ਹਨ।

ਇਸ ਡੈਮ ਨਾਲ ਟੂਰਿਜ਼ਮ, ਮਨੋਰੰਜਨ ਸੁਵਿਧਾਵਾਂ ਅਤੇ ਮੱਛੀ ਪਾਲਣ ਦੇ ਵਿਕਾਸ ਵਿੱਚ ਮਦਦ ਮਿਲੇਗੀ ਅਤੇ ਖੇਤਰ ਦੇ ਸਮੁੱਚੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਵੇਗਾ।

## ਤੰਦਰੁਸਤ ਪੰਜਾਬ, ਖੁਸ਼ਹਾਲ ਪੰਜਾਬ

ਲੋਕਾਂ ਤੱਕ ਸਿਹਤ ਸੇਵਾਵਾਂ ਪਹੁੰਚਾਉਣਾ, ਵਿਸ਼ੇਸ਼ ਰੂਪ ਨਾਲ ਸਭ ਤੋਂ ਗ਼ਰੀਬ ਲੋਕਾਂ ਤੱਕ, ਮੋਦੀ ਸਰਕਾਰ ਲਈ ਪ੍ਰਾਥਮਿਕਤਾ ਦਾ ਵਿਸ਼ਾ ਰਿਹਾ ਹੈ।

ਪੰਜਾਬ ਦੇ 45 ਲੱਖ ਤੋਂ ਵੱਧ ਪਰਿਵਾਰ ਆਯੁਸ਼ਮਾਨ ਭਾਰਤ ਦੇ ਤਹਿਤ ਕਵਰ ਹਨ, ਜੋ ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲਾਂ ਸਹਿਤ 785 ਹਸਪਤਾਲਾਂ ਵਿੱਚ ਮੁਫ਼ਤ ਉੱਚ ਗੁਣਵੱਤਾ ਵਾਲੀਆਂ ਸਿਹਤ ਸੇਵਾਵਾਂ ਪ੍ਰਾਪਤ ਕਰਨ ਦੇ ਸਮਰੱਥ ਬਣਾਉਂਦਾ ਹੈ।

ਸਿਹਤ ਸੇਵਾਵਾਂ ਲਈ ਪ੍ਰਧਾਨ ਮੰਤਰੀ ਮੋਦੀ ਦਾ ਵਿਜ਼ਨ ਹੈ ਕਿ ਸਾਰੇ ਦੇਸ਼ਵਾਸੀ ਬਿਹਤਰ ਅਤੇ ਵਿਸ਼ੇਸ਼ ਸਿਹਤ ਸੇਵਾਵਾਂ ਦਾ ਲਾਭ ਉਠਾ ਸਕਣ।

ਪ੍ਰਧਾਨ ਮੰਤਰੀ ਮੋਦੀ ਦੇ ਵਿਜ਼ਨ ਦੇ ਅਨੁਰੂਪ 2016 ਵਿੱਚ ਬਠਿੰਡਾ ਵਿੱਚ ਏਮਸ ਦਾ ਨੀਂਹ ਪੱਥਰ ਰੱਖਿਆ ਗਿਆ ਸੀ।

ਮੈਡੀਕਲ ਦੇਖਭਾਲ਼ ਅਤੇ ਮੈਡੀਕਲ ਸਿੱਖਿਆ ਨੂੰ ਪ੍ਰੋਤਸਾਹਨ ਦੇਣ ਦੇ ਲਈ 3 ਸਾਲ ਦੇ ਅੰਦਰ, ਦਸੰਬਰ 2019 ਵਿੱਚ ਏਮਸ ਬਠਿੰਡਾ ਨੂੰ ਸਥਾਪਿਤ ਅਤੇ ਸੰਚਾਲਿਤ ਕੀਤਾ ਗਿਆ।

ਫ਼ਿਰੋਜ਼ਪੁਰ ਵਿਖੇ ਪੀਜੀਆਈ ਚੰਡੀਗੜ੍ਹ ਦੇ ਸੈਟੇਲਾਈਟ ਸੈਂਟਰ ਨੂੰ ਵੀ 450 ਕਰੋੜ ਦੀ ਲਾਗਤ ਨਾਲ ਪ੍ਰਵਾਨਗੀ ਦਿੱਤੀ ਗਈ, ਜੋ ਕਿ 2022 ਤੱਕ ਸ਼ੁਰੂ ਹੋਵੇਗਾ, ਇਹ ਡਾਕਟਰੀ ਸਿੱਖਿਆ ਅਤੇ ਖੋਜ ਦੇ ਲਈ ਇੱਕ ਨਵਾਂ ਕੇਂਦਰ ਬਣ ਰਿਹਾ ਹੈ ਜੋ ਲੋਕਾਂ ਨੂੰ ਲਾਭ ਪਹੁੰਚਾਵੇਗਾ।


(ਪ੍ਰਧਾਨ ਮੰਤਰੀ
ਦਾ




25 ਨਵੰਬਰ, 2016 ਨੂੰ ਬਠਿੰਡਾ ਵਿੱਚ ਏਮਸ ਦੇ ਨੀਂਹ ਪੱਥਰ ਰੱਖਣ ਦੇ ਸਮਾਰੋਹ ਵਿੱਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

# ਕੋਵਿਡ ਦੇ ਵਿਘਨ ਤੋਂ ਉਬਰਨ ਵਿੱਚ ਪੰਜਾਬ ਦੀ ਮਦਦ

ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਤੋਂ ਲੈ ਕੇ ਫੁੱਟਪਾਥ ਵਿਕਰੇਤਾ, ਕਿਸਾਨਾਂ ਤੋਂ ਲੈ ਕੇ ਗ਼ਰੀਬਾਂ ਤੱਕ, ਕੋਵਿਡ ਮਹਾਮਾਰੀ ਦੇ ਆਰਥਿਕ ਵਿਘਨ ਨਾਲ ਕਈ ਵਰਗ ਪ੍ਰਭਾਵਿਤ ਹੋਏ ਹਨ। ਮੋਦੀ ਸਰਕਾਰ ਇਨ੍ਹਾਂ ਰੁਕਾਵਟਾਂ ਨੂੰ ਸੰਕਟ ਬਣਨ ਤੋਂ ਰੋਕਣ ਲਈ ਕੰਮ ਕਰ ਰਹੀ ਹੈ।

ਆਤਮਨਿਰਭਰ ਭਾਰਤ ਅਭਿਯਾਨ ਦੇ ਹਿੱਸੇ ਦੇ ਰੂਪ ਵਿੱਚ, ਪੰਜਾਬ ਦੇ ਉਦਯੋਗਾਂ ਨੂੰ ਮੁੜ-ਸੁਰਜੀਤ ਕਰਨ ਲਈ ਐਮਰਜੈਂਸੀ ਕ੍ਰੈਡਿਟ ਲੋਨ ਗਰੰਟੀ ਸਕੀਮ ਦੇ ਤਹਿਤ 1.15 ਲੱਖ ਤੋਂ ਜ਼ਿਆਦਾ ਸੂਖਮ, ਲਘੂ ਅਤੇ ਦਰਮਿਆਨੇ ਉੱਦਮਾਂ ਨੂੰ 2,529 ਕਰੋੜ ਰੁਪਏ ਦੇ ਕਰਜ਼ਿਆਂ ਦੀ ਪ੍ਰਵਾਨਗੀ ਦਿੱਤੀ ਗਈ।

ਪੰਜਾਬ ਦੇ ਸਟ੍ਰੀਟ ਵੈਂਡਰ ਆਪਣੇ ਕਾਰੋਬਾਰ ਨੂੰ ਮੁੜ ਚਾਲੂ ਕਰਨ ਲਈ ਕਰਜ਼ੇ ਪ੍ਰਾਪਤ ਕਰ ਰਹੇ ਹਨ। ਪੀਐੱਮ-ਸਵਨਿਧੀ ਸਕੀਮ ਦੇ ਤਹਿਤ 6,521 ਸਟ੍ਰੀਟ ਵੈਂਡਰਾਂ ਦੇ ਲਈ ਕਰਜ਼ੇ ਪ੍ਰਵਾਨ ਕੀਤੇ ਗਏ।

ਪੰਜਾਬ ਦੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ-ਕਿਸਾਨ ਯੋਜਨਾ ਤਹਿਤ ਸਿੱਧੇ ਆਮਦਨੀ ਸਹਾਇਤਾ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਤਹਿਤ ਪ੍ਰਧਾਨ ਮੰਤਰੀ ਮੋਦੀ ਨੇ ਕਿਸਾਨਾਂ ਨੂੰ ਆਮਦਨ ਸੁਰੱਖਿਆ ਦਾ ਜਾਲ ਮੁਹੱਈਆ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਪੈਕੇਜ ਦੇ ਤਹਿਤ ਪੰਜਾਬ ਦੇ 23.73 ਲੱਖ ਕਿਸਾਨਾਂ ਨੇ ਵਿੱਤੀ ਸਹਾਇਤਾ ਪ੍ਰਾਪਤ ਕੀਤੀ।

ਪ੍ਰਧਾਨ ਮੰਤਰੀ ਉੱਜਵਲਾ ਯੋਜਨਾ ਦੇ ਤਹਿਤ ਰਜਿਸਟਰ ਹੋਏ 12.24 ਲੱਖ ਲਾਭਾਰਥੀ ਪਰਿਵਾਰਾਂ ਨੂੰ ਅਪ੍ਰੈਲ ਤੋਂ ਅਗਸਤ 2020 ਦੌਰਾਨ 24 ਲੱਖ ਮੁਫਤ ਗੈਸ ਸਿਲੰਡਰ ਮਿਲੇ।

ਗ੍ਰਾਮੀਣ ਗ਼ਰੀਬਾਂ ਨੂੰ ਕੰਮ ਦੇ ਲਈ ਅਨੁਪੂਰਕ ਆਮਦਨ ਦੇ ਤਹਿਤ ਮਨਰੇਗਾ ਵਿੱਚ 2.4 ਕਰੋੜ ਮਾਨਵ ਦਿਵਸ ਦਾ ਰੋਜਗਾਰ ਉਤਪੰਨ, ਅਨੁਸੂਚਿਤ ਜਾਤੀ ਦੇ ਮਜ਼ਦੂਰਾਂ ਲਈ 66.08% ਮਾਨਵ ਦਿਵਸ ਦਾ ਰੋਜਗਾਰ ਉਤਪੰਨ।

# ਪੰਜਾਬ ਲਈ ਬੁਨਿਆਦੀ ਢਾਂਚਾ ਵਿਕਾਸ

ਆਰਥਿਕ ਪੱਖੋਂ ਬਿਹਤਰ ਰਾਜਾਂ ਵਿੱਚੋਂ ਇੱਕ ਹੋਣ ਕਰਕੇ, ਪੰਜਾਬ ਦੇ ਬੁਨਿਆਦੀ ਢਾਂਚੇ ਦੀ ਚੰਗੀ ਤਰ੍ਹਾਂ ਬਣਾਈ ਰੱਖਣ ਦੀ ਜ਼ਰੂਰਤ ਹੈ। ਸਾਲ 2014-2018 ਦੇ ਦਰਮਿਆਨ ਰਾਸ਼ਟਰੀ ਰਾਜਮਾਰਗਾਂ ਦੀ ਸਥਿਤੀ ਵਿੱਚ ਸੁਧਾਰ ਲਈ 115 ਤੋਂ ਵੱਧ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ।

ਕਨੈਕਟੀਵਿਟੀ ਨੂੰ ਹੋਰ ਹੁਲਾਰਾ ਦੇਣ ਲਈ, ਮੋਦੀ ਸਰਕਾਰ ਨੇ ਸਤੰਬਰ 2020 ਵਿੱਚ ਪੰਜਾਬ 'ਚ 1000 ਕਿਲੋਮੀਟਰ ਸੜਕਾਂ ਬਣਾਉਣ ਦੇ ਲਈ 18 ਸੜਕ ਪ੍ਰੋਜੈਕਟਾਂ ਦੇ ਨਿਰਮਾਣ ਨੂੰ ਪ੍ਰਵਾਨਗੀ ਦਿੱਤੀ, ਜਿਨ੍ਹਾਂ ਵਿੱਚ ਨਿਮਨਲਿਖਿਤ ਸੜਕਾਂ ਦੇ ਨਾਲ ਜੁੜੇ ਪ੍ਰੋਜੈਕਟ ਸ਼ਾਮਲ ਹਨ:

- ਦਿੱਲੀ-ਅੰਮ੍ਰਿਤਸਰ-ਕਟੜਾ ਫੋਰ ਲੇਨ ਐਕਸਪ੍ਰੈੱਸ-ਵੇਅ
- ਅੰਮ੍ਰਿਤਸਰ-ਘੁਮਾਣ
- ਘੁਮਾਣ-ਟਾਂਡਾ
- ਅੰਮ੍ਰਿਤਸਰ-ਰਮਦਾਸ
- ਹੁਸ਼ਿਆਰਪੁਰ-ਊਨਾ
- ਹੁਸ਼ਿਆਰਪੁਰ-ਫਗਵਾੜਾ
- ਸੁਨਾਮ-ਮੂਣਕ
- ਮੂਣਕ-ਉਕਲਾਣਾ
- ਟਾਂਡਾ-ਹੁਸ਼ਿਆਰਪੁਰ

ਪੰਜਾਬ ਦਰਿਆਵਾਂ ਦੀ ਧਰਤੀ ਹੈ ਅਤੇ ਇਸ ਲਈ ਜਲ-ਮਾਰਗਾਂ ਦੀ ਵਰਤੋਂ ਕਰਨਾ ਰਾਜ ਦੀ ਅਰਥਵਿਵਸਥਾ ਨੂੰ ਹੁਲਾਰਾ ਦੇਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ। ਚਾਰ ਇੰਟਰ-ਸਟੇਟ ਰਾਸ਼ਟਰੀ ਜਲ-ਮਾਰਗ ਪੰਜਾਬ ਵਿੱਚੋਂ ਲੰਘਦੇ ਹਨ-

- ਰਾਸ਼ਟਰੀ ਜਲ-ਮਾਰਗ 17 ਅਤੇ 98 (ਹਿਮਾਚਲ ਪ੍ਰਦੇਸ਼ ਅਤੇ ਪੰਜਾਬ)
- ਰਾਸ਼ਟਰੀ ਜਲ-ਮਾਰਗ 45 (ਪੰਜਾਬ, ਹਰਿਆਣਾ ਅਤੇ ਰਾਜਸਥਾਨ)
- ਰਾਸ਼ਟਰੀ ਜਲ-ਮਾਰਗ 84 (ਜੰਮੂ ਤੇ ਕਸ਼ਮੀਰ, ਹਿਮਾਚਲ ਪ੍ਰਦੇਸ਼ ਅਤੇ ਪੰਜਾਬ)

ਪੰਜਾਬ ਵਿੱਚ ਆਮ ਲੋਕਾਂ ਤੱਕ ਹਵਾਈ ਸੰਪਰਕ ਲਿਆਉਣ ਲਈ ਬਠਿੰਡਾ, ਲੁਧਿਆਣਾ, ਪਠਾਨਕੋਟ ਅਤੇ ਆਦਮਪੁਰ ਦੇ ਚਾਰ ਹਵਾਈ ਅੱਡਿਆਂ ਨੂੰ ਉਡਾਨ ਯੋਜਨਾ ਨਾਲ ਜੋੜਿਆ ਗਿਆ ਹੈ।

## ਪੰਜਾਬ ਦੇ ਉਦਯੋਗਾਂ ਨੂੰ ਵਿਵਿਧਤਾਪੂਰਨ ਅਤੇ ਮਜ਼ਬੂਤ ਬਣਾਉਣਾ

ਲੁਧਿਆਣਾ ਮੈਗਾ ਫੂਡ ਪਾਰਕ ਦਾ ਕੰਮ ਚਲ ਰਿਹਾ ਹੈ ਜਦਕਿ ਫਗਵਾੜਾ ਵਿਖੇ ਇੱਕ ਮੈਗਾ ਫੂਡ ਪਾਰਕ ਦਾ ਉਦਘਾਟਨ ਨਵੰਬਰ 2020 ਵਿੱਚ ਕੀਤਾ ਗਿਆ।

ਅੰਮ੍ਰਿਤਸਰ - ਜਾਮਨਗਰ, ਚੰਡੀਗੜ੍ਹ - ਰਾਜਪੁਰਾ - ਪਟਿਆਲਾ - ਸੰਗਰੂਰ - ਬਠਿੰਡਾ ਇੰਟਰ-ਕੋਰੀਡੋਰ ਸੜਕਾਂ, ਸੰਗਰੂਰ – ਬਠਿੰਡਾ ਫੀਡਰ ਰੋਡ, ਬਠਿੰਡਾ ਮੰਡੀ ਡਬਵਾਲੀ ਆਰਥਿਕ ਗਲਿਆਰੇ ਭਾਰਤਮਾਲਾ ਦੇ ਤਹਿਤ ਪ੍ਰਸਤਾਵਿਤ ਹਨ।

ਮੋਦੀ ਸਰਕਾਰ ਸੰਗਰੂਰ ਦੇ ਲਹਿਰਾਗਾਗਾ ਵਿੱਚ ਉੱਤਰ ਭਾਰਤ ਦਾ ਪਹਿਲਾ ਕੰਪ੍ਰੈਸਡ ਬਾਇਓ ਗੈਸ ਪਲਾਂਟ ਸਥਾਪਿਤ ਕਰ ਰਹੀ ਹੈ। ਇਸ ਨੂੰ ਮਾਰਚ 2021 ਵਿੱਚ ਚਾਲੂ ਕੀਤਾ ਜਾਣਾ ਹੈ।

ਅਕਤੂਬਰ 2020 ਵਿੱਚ ਪੰਜਾਬ ਲਈ ਮਨਜ਼ੂਰ ਕੀਤੇ ਗਏ 4 ਸੀਐੱਨਜੀ ਸਟੇਸ਼ਨ ਟਰਾਂਸਪੋਰਟ ਅਤੇ ਖਾਣਾ ਪਕਾਉਣ ਦੇ ਲਈ ਸਵੱਛ ਈਂਧਣ ਪ੍ਰਦਾਨ ਕਰਨ ਅਤੇ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮਦਦ ਕਰਨਗੇ।

ਖੇਤੀਬਾੜੀ ਕਾਨੂੰਨ ਸ਼ੰਸੋਧਨਾਂ ਦੇ ਨਾਲ ਖੇਤੀਬਾੜੀ ਖੇਤਰ ਨੂੰ ਨਿਵੇਸ਼ ਦੇ ਲਈ ਮੁਕਤ ਕਰਦੇ ਹੋਏ, ਮੋਹਾਲੀ, ਜਲੰਧਰ ਅਤੇ ਸਰਹਿੰਦ ਦੇ ਟਰੈਕਟਰ ਅਤੇ ਹਾਰਵੈਸਟਰ ਨਿਰਮਾਣ ਕੇਂਦਰਾਂ ਨੂੰ ਪ੍ਰਮੁੱਖ ਹੁਲਾਰਾ ਮਿਲੇਗਾ।

ਮੋਦੀ ਸਰਕਾਰ ਦੁਆਰਾ ਭਾਰਤ ਦਾ ਪਹਿਲਾ ਟੈਕਨੋਲੋਜੀ ਅਤੇ ਇਨੋਵੇਸ਼ਨ ਸਹਾਇਤਾ ਕੇਂਦਰ ਪੰਜਾਬ ਰਾਜ ਵਿੱਚ ਸਥਾਪਿਤ ਕੀਤਾ ਗਿਆ ਹੈ।



ਅਨੰਦਪੁਰ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਵਿੱਚ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ

# ਪੰਜਾਬ ਦੀ ਕੱਪੜਾ ਨਿਰਮਾਣ ਵਿਰਾਸਤ ਨੂੰ ਮੁੜ-ਸੁਰਜੀਤ ਕਰਨਾ

ਲੁਧਿਆਣਾ ਉਨ੍ਹਾਂ ਸ਼ਹਿਰਾਂ ਵਿੱਚੋਂ ਇੱਕ ਹੈ ਜਿੱਥੇ ਬੁਣਾਈ ਅਤੇ ਬੁਣੇ ਹੋਏ ਕੱਪੜੇ ਦੇ ਉਤਪਾਦਨ ਨੂੰ ਹੁਲਾਰਾ ਦੇਣ ਦੇ ਲਈ ਅਲੱਗ-ਅਲੱਗ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਹਨ।

ਪੰਜਾਬ ਵਿੱਚ ਨਵਾਂ ਸ਼ਹਿਰ ਅਤੇ ਲੁਧਿਆਣਾ ਸਮੇਤ 3 ਏਕੀਕ੍ਰਿਤ ਟੈਕਸਟਾਈਲ ਪਾਰਕ ਸ਼ੁਰੂ ਕੀਤੇ ਗਏ ਹਨ, ਜਦਕਿ ਬਰਨਾਲਾ ਵਿੱਚ ਪਾਰਕ ਦਾ ਕੰਮ ਛੇਤੀ ਸ਼ੁਰੂ ਹੋਵੇਗਾ।

ਲੁਧਿਆਣਾ ਨੂੰ ਸ਼ਹਿਰ ਦੇ ਜੀਵੰਤ ਟੈਕਸਟਾਈਲ ਉਦਯੋਗ ਦੇ ਮੱਦੇਨਜ਼ਰ, 2020-21 ਤੋਂ 2023-24 ਦੇ ਲਗਭਗ 1,480 ਕਰੋੜ ਰੁਪਏ ਦੇ ਅੰਦਾਜ਼ਨ ਖਰਚੇ 'ਤੇ ਨੈਸ਼ਨਲ ਟੈਕਨੀਕਲ ਟੈਕਸਟਾਈਲ ਮਿਸ਼ਨ ਦਾ ਲਾਭ ਹੋਵੇਗਾ।

ਮੋਦੀ ਸਰਕਾਰ ਦੇ ਸਹਿਯੋਗ ਨਾਲ ਪੀਪੀਈ ਕਿੱਟਾਂ ਦੇ ਨਿਰਮਾਣ ਕੇਂਦਰ ਵਜੋਂ ਫਗਵਾੜਾ ਅਤੇ ਲੁਧਿਆਣਾ ਭਾਰਤ ਦੇ ਮਾਣ ਵਜੋਂ ਉੱਭਰੇ, ਛੇ ਮਹੀਨਿਆਂ ਦੇ ਅੰਦਰ-ਅੰਦਰ ਇੱਕ ਨਵਾਂ ਨਿਰਯਾਤ-ਅਧਾਰਿਤ ਉਦਯੋਗ ਬਣਿਆ ਹੈ।

ਪੰਜਾਬ ਦੇ ਕੱਪੜਾ ਉਦਯੋਗ ਨੂੰ ਵੱਡੇ ਪੱਧਰ 'ਤੇ ਲਾਭ ਪਹੁੰਚਾਉਣ ਲਈ ਪੀਟੀਏ 'ਤੇ ਐਂਟੀ-ਡੰਪਿੰਗ ਡਿਊਟੀ ਨੂੰ ਸਮਾਪਤ ਕੀਤਾ।


# ਪੰਜਾਬ ਦੀਆਂ ਮਹਿਲਾਵਾਂ ਦੀ ਭਲਾਈ ਦੇ ਲਈ ਕੰਮ

ਸੰਗਠਿਤ ਬਾਲ ਵਿਕਾਸ ਯੋਜਨਾ (ਆਈਸੀਡੀਐੱਸ) ਦੇ ਤਹਿਤ ਪੂਰਕ ਪੋਸ਼ਣ ਅਤੇ ਪ੍ਰੀ ਸਕੂਲ ਸਿੱਖਿਆ ਦੇ ਤਹਿਤ 41.5 ਲੱਖ ਲਾਭਾਰਥੀ।

ਪ੍ਰਧਾਨ ਮੰਤਰੀ ਮਾਤ੍ਰ ਵੰਦਨਾ ਯੋਜਨਾ ਦੇ ਤਹਿਤ 3.25 ਲੱਖ ਮਹਿਲਾਵਾਂ ਨੂੰ 144 ਕਰੋੜ ਰੁਪਏ ਤੋਂ ਵੱਧ ਪ੍ਰਾਪਤ ਹੋਏ।

ਮਾਰਚ 2020 ਤੱਕ ਕਿਸ਼ੋਰ ਲੜਕੀਆਂ ਦੇ ਲਈ ਯੋਜਨਾ ਦੇ ਤਹਿਤ 3.66 ਲੱਖ ਲੜਕੀਆਂ ਨੂੰ ਲਾਭ ਹੋਇਆ।

ਜਨਵਰੀ 2020 ਤੱਕ ਪੰਜਾਬ ਵਿੱਚ ਮੁਦਰਾ ਯੋਜਨਾ ਦੇ ਤਹਿਤ 40 ਲੱਖ ਲਾਭਾਰਥੀਆਂ ਵਿੱਚੋਂ 23.75 ਲੱਖ ਤੋਂ ਵੱਧ ਮਹਿਲਾ ਕਰਜ਼ਦਾਰਾਂ ਨੂੰ ਲਾਭ ਹੋਇਆ।



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ
ਵਿਖੇ ਪ੍ਰਧਾਨ ਮੰਤਰੀ ਮੋਦੀ

# ਸਾਰੇ ਪੰਜਾਬੀਆਂ ਲਈ ਜੀਵਨ ਨਿਰਬਾਹ ਵਿੱਚ ਅਸਾਨੀ

ਪੰਜਾਬ ਵਿੱਚ 22.29 ਲੱਖ ਪਰਿਵਾਰਾਂ ਨੂੰ ਜਲ ਜੀਵਨ ਮਿਸ਼ਨ ਦੇ ਤਹਿਤ ਟੂਟੀ ਜ਼ਰੀਏ ਪਾਣੀ ਦੇ ਕਨੈਕਸ਼ਨ ਪ੍ਰਦਾਨ ਕੀਤੇ ਗਏ।

---

99.8% ਤੋਂ ਵੱਧ ਕਵਰੇਜ ਸੁਨਿਸ਼ਚਿਤ ਕਰਨ ਲਈ ਸਵੱਛ ਭਾਰਤ ਮਿਸ਼ਨ (ਗ੍ਰਾਮੀਣ) ਦੇ ਤਹਿਤ 3.84 ਲੱਖ ਘਰੇਲੂ ਪਖਾਨੇ ਬਣਾਏ ਗਏ।

---

ਪੰਜਾਬ ਵਿੱਚ 73 ਲੱਖ ਤੋਂ ਵੱਧ ਜਨ ਧਨ ਖਾਤੇ ਖੋਲ੍ਹੇ ਗਏ।

---

ਪ੍ਰਧਾਨ ਮੰਤਰੀ ਆਵਾਸ ਯੋਜਨਾ ਜ਼ਰੀਏ ਸ਼ਹਿਰੀ ਅਤੇ ਗ੍ਰਾਮੀਣ ਖੇਤਰਾਂ ਵਿੱਚ ਇੱਕ ਲੱਖ ਤੋਂ ਵੱਧ ਮਕਾਨਾਂ ਨੂੰ ਪ੍ਰਵਾਨਗੀ।

---

ਪੰਜਾਬ ਦੇ ਗ੍ਰਾਮੀਣ ਖੇਤਰਾਂ ਨੂੰ ਜੋੜਨ ਦੇ ਲਈ ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਦੇ ਤਹਿਤ 8,243 ਕਿਲੋਮੀਟਰ ਸੜਕ ਦਾ ਕੰਮ ਪੂਰਾ ਹੋਇਆ।

---

ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਠਿੰਡਾ ਦੇ ਲਈ ਪਾਈਪਡ ਸਿਟੀ ਗੈਸ ਡਿਸਟ੍ਰੀਬਿਊਸ਼ਨ ਨੈੱਟਵਰਕ ਛੇਤੀ ਸ਼ੁਰੂ ਹੋਵੇਗਾ; ਮਾਨਸਾ, ਫਿਰੋਜ਼ਪੁਰ, ਫਰੀਦਕੋਟ, ਮੁਕਤਸਰ, ਹੁਸ਼ਿਆਰਪੁਰ, ਮੋਹਾਲੀ ਅਤੇ ਗੁਰਦਾਸਪੁਰ ਨੂੰ ਅਵਾਰਡ ਕੀਤਾ ਗਿਆ।

---

# ਸੁਖ-ਦੁਖ ਵਿੱਚ ਹਮੇਸ਼ਾ ਨਾਲ



ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਉਨ੍ਹਾਂ ਦੇ ਕਾਰਜਕਾਲ ਦੌਰਾਨ ਇੱਕ ਕਮਿਊਨਿਟੀ ਈਵੈਂਟ ਸਮੇਂ ਸਿੱਖ ਕਮਿਊਨਿਟੀ ਦੁਆਰਾ ਨਰੇਂਦਰ ਮੋਦੀ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ।




ਨਰੇਂਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਦੇ ਰੂਪ ਵਿੱਚ ਆਪਣੇ ਕਾਰਜਕਾਲ ਦੇ ਦੌਰਾਨ ਇੱਕ ਕਮਿਊਨਿਟੀ ਪ੍ਰੋਗਰਾਮ ਲਈ ਗੁਰਦੁਆਰੇ ਦੇ ਦੌਰੇ 'ਤੇ।



ਅਮਰੀਕਾ ਦੇ ਨਿਊਯਾਰਕ ਵਿੱਚ ਸਿੱਖਾਂ ਦੇ ਇੱਕ ਸਮੂਹ ਨੇ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨਾਲ ਇਕਜੁੱਟਤਾ ਪ੍ਰਗਟਾਈ, 28 ਸਤੰਬਰ, 2014




ਗੁਜਰਾਤੀ ਨਵੇਂ ਸਾਲ ਦੇ ਸਮਾਰੋਹ ਦੌਰਾਨ ਗੁਜਰਾਤ ਦੇ ਮੁੱਖ ਮੰਤਰੀ ਦੇ
ਰੂਪ ਵਿੱਚ ਸਿੱਖ ਕਮਿਊਨਿਟੀ ਦੇ ਪ੍ਰਤੀਨਿਧੀਆਂ ਤੋਂ ਇੱਕ ਯਾਦਗਾਰੀ
ਚਿੰਨ੍ਹ ਸਵੀਕਾਰ ਕਰਦੇ ਹੋਏ ਨਰੇਂਦਰ ਮੋਦੀ






ਪ੍ਰਧਾਨ ਮੰਤਰੀ ਮੋਦੀ ਨੂੰ 16 ਅਪ੍ਰੈਲ, 2015 ਨੂੰ ਕੈਨੇਡਾ ਦੇ
ਰੌਸ ਸਟ੍ਰੀਟ 'ਚ ਗੁਰਦੁਆਰਾ ਖਾਲਸਾ ਦੀਵਾਨ ਵਿਖੇ
ਸਨਮਾਨਿਤ ਕੀਤਾ ਜਾ ਰਿਹਾ ਹੈ।







ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
MINISTRY OF
**INFORMATION AND BROADCASTING**

Printed at: JK Offset Graphics, New Delhi